# ਵਰਿਆਮ

ਅਪਰੈਲ 1978
1/-




ਪੰਜਾਬੀ ਦੇ ਹਰਮਨ ਪਿਆਰੇ ਕਵੀ ਸ: ਸ: ਮੀਸ਼ਾ ਜਿਹਨਾਂ ਨੂੰ ਭਾਰਤ ਸਰਕਾਰ ਦੀ ਸਾਹਿਤ ਅਕਾਦਮੀ ਵਲੋਂ ਉਹਨਾਂ ਦੀ ਪੁਸਤਕ "ਕੱਚ ਦੇ ਵਸਤਰ" ਦੇ ਆਧਾਰ ਤੇ ਪੁਰਸਕਾਰ ਮਿਲਿਆ ਹੈ। ਸਰਲਤਾ, ਸ਼ਹਿਦ ਮਿਠੀ ਬੋਲੀ ਭਾਵਾਂ ਦੀ ਡੂੰਘਾਈ ਅਤੇ ਸਪਸ਼ਟਤਾ, ਇਹਨਾਂ ਦੀ ਸ਼ੈਲੀ ਦੇ ਵਿਸ਼ੇਸ਼ ਗੁਣ ਹਨ।

Namdhari Elibrary NamdhariElibrary@gmail.com

## ਕੇਂਦਰੀ ਪੰਜਾਬੀ ਲੇਖਕ ਸਭਾ

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਪ੍ਰਧਾਨ ਪ੍ਰੋ: ਪ੍ਰੀਤਮ ਸਿੰਘ ਤੇ ਜਨਰਲ ਸਕਤਰ ਸ੍ਰੀ ਗੁਰਚਰਨ ਸਿੰਘ ਸਹਿੰਸਰਾ ਨੇ ਸਭਾ ਦੇ ਬਾਕੀ 8 ਅਹੁਦੇਦਾਰਾਂ ਦਾ ਐਲਾਨ ਕਰ ਦਿਤਾ ਹੈ।

ਪੰਜ ਮੀਤ ਪ੍ਰਧਾਨ ਹਨ : ਸ. ਸਾਧੂ ਸਿੰਘ ਹਮਦਰਦ ਐਡੀਟਰ ਅਜੀਤ, ਪ੍ਰੋ: ਸੰਤ ਸਿੰਘ ਸੇਖੋਂ, ਪ੍ਰਿੰ: ਸੁਜਾਨ ਸਿਘ, ਸ: ਜਸਵੰਤ ਸਿੰਘ ਕੰਵਲ ਤੇ ਸ: ਭਰਪੂਰ ਸਿੰਘ ਬਲਬੀਰ।

ਤਿੰਨ ਸਕਤਰਾਂ ਵਿਚ ਸ੍ਰੀ ਜਾਗੀਰ ਸਿੰਘ ਜਗਤਾਰ ਜਰਨਲਿਸਟ ਬਰਨਾਲਾ, ਪ੍ਰੋ: ਹਿਮਤ ਸਿੰਘ ਸੋਢੀ ਅੰਬਾਲਾ ਤੇ ਸ: ਜਗਦੀਸ਼ ਸਿੰਘ ਐਡੀਟਰ ਵਰਿਆਮ ਸ਼ਾਮਲ ਹਨ।

ਵਰਿਆਮ ਦੇ ਦਫਤਰ 'ਚ ਆਉਣ ਵਾਲੀ ਡਾਕ ਵਿਚੋਂ ਕਈ ਸਜਨ ਆਪਣਾ ਪੂਰਾ ਪਤਾ ਚਿਠੀ ਵਿਚ ਨਹੀਂ ਲਿਖਦੇ। ਕਈ ਵਾਰ ਤਾਂ ਬਹੁਤ ਜ਼ਰੂਰੀ ਚਿਠੀਆਂ ਪਰਚੇ ਦੇ ਪਰਬੰਧ ਅਤੇ ਲਿਖਤਾਂ ਸਬੰਧੀ ਹੁੰਦੀਆਂ ਹਨ। ਲਿਖਣ ਵਾਲੇ ਵੀ ਬੜੇ ਬੜੇ ਸਿਆਣੇ ਸਜਨ ਹੁੰਦੇ ਹਨ ਅਤੇ ਕਈ ਚਿਠੀਆਂ ਤੁਰੰਤ ਧਿਆਨ ਮੰਗਦੀਆਂ ਹੁੰਦੀਆਂ ਹਨ ਪਰ ਲਿਖਣ ਵਾਲੇ ਦਾ ਪੂਰਾ ਪਤਾ ਨਹੀਂ ਹੁੰਦਾ। ਅਜਿਹੀ ਹਾਲਤ ਵਿਚ ਅਸੀਂ ਤਾਂ ਬੇਵਸ ਹੁੰਦੇ ਹੀ ਹਾਂ ਪਰ ਲਿਖਣ ਵਾਲਾ ਆਪਣੇ ਥਾਂ ਰੁਸਿਆ ਰਹਿੰਦਾ ਹੈ। ਸ ਚਿਠੀ ਪਤਰ ਕਰਨ ਵਾਲੇ ਆਪਣਾ ਪੂਰਾ ਪਤਾ ਜ਼ਰੂਰ ਲਿਖਿਆ ਕਰਨ।

ਲੇਖਕ ਸਜਣ ਵੀ ਆਪਣੀ ਹਰ ਰਚਨਾ ਹੇਠ ਆਪਣਾ ਪੂਰਾ ਪਤਾ ਜ਼ਰੂਰ ਲਿਖਿਆ ਕਰਣ।

**ਮਨੀ ਆਰਡਰ ਭੇਜਣ ਵਾਲੇ ਫਾਰਮ ਦੇ ਹੇਠ ਵੀ ਆਪਣਾ ਪਤਾ ਜ਼ਰੂਰ ਲਿਖਿਆ ਕਰਣ**

—ਜਗਦੀਸ਼ ਸਿੰਘ

Namdhari Elibrary NamdhariElibrary@gmail.com

ਮਾਸਕ **ਵਰਿਆਮ** ਅਪਰੈਲ 1978

ਜਿਲਦ ਨੰ: 3 ਅੰਕ ਨੰ: 6

## ਵਧਾਈਆਂ

ਪੰਜਾਬੀ ਦੇ ਉਘੇ ਲੇਖਕ ਸ: ਸ਼ਮਸ਼ੇਰ ਸਿੰਘ ਅਸ਼ੋਕ ਨੂੰ ਪੰਜਾਬ ਸਰਕਾਰ ਨੇ ਸ਼ਰੋਮਣੀ ਸਾਹਿਤਕਾਰ ਵਜੋਂ ਸਨਮਾਨਤ ਕੀਤਾ ਹੈ।

ਸਾਡੇ ਮਿਤਰ ਸ: ਸ: ਸ: ਮੀਸ਼ਾ ਨੂੰ ਸਾਹਿਤ ਅਕਾਦਮੀ ਵਲੋਂ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ।

ਅਸੀਂ ਦਿਲੀ ਮੁਬਾਰਕਬਾਦ ਪੇਸ਼ ਕਰਦੇ ਹਾਂ।

— ਜਗਦੀਸ਼ ਸਿੰਘ

ਪ੍ਰਕਾਸ਼ਨ ਮਿਤੀ 15—4—1978

ਮੁੱਖ ਸੰਪਾਦਕ : ਜਗਦੀਸ਼ ਸਿੰਘ

## ਖਿਮਾ ਯਾਚਨਾ

ਤਕਨੀਕੀ ਕਾਰਨਾਂ ਕਰ ਕੇ ਸਾਡੇ ਕੁਝ ਪਿਛਲੇ ਅੰਕ ਕਈ ਪਾਠਕਾਂ ਦੀ ਸੇਵਾ ਵਿਚ ਦੇਰ ਨਾਲ ਪੁਜੇ ਹਨ ਅਤੇ ਆਪਣੇ ਪੂਰੇ ਆਕਾਰ ਵਿਚ ਵੀ ਨਹੀਂ ਸਨ। ਖਿਮਾਂ ਯਾਚਨਾ ਦੇ ਨਾਲ ਨਾਲ ਅਗੋਂ ਤੋਂ ਪਰਚੇ ਨੂੰ ਠੀਕ ਵਕਤ ਸਿਰ ਪੁਜਦਾ ਕਰਨ ਦੇ ਜਤਨ ਕਰ ਰਹੇ ਹਾਂ। ਅਤੇ ਪਾਠਕਾਂ ਦੇ ਰਵਾਇਤੀ ਨਿਘੇ ਸ਼ਹਿਯੋਗ ਦੀ ਕਾਮਨਾ ਵੀ ਕਰਦੇ ਹਾਂ।

—ਜਗਦੀਸ਼ ਸਿੰਘ

ਮੁੱਲ ਪ੍ਰਤੀ ਕਾਪੀ : 1 ਰੁਪਿਆ

ਸਾਲਾਨਾ ਚੰਦਾ ਦੇਸ : 12 ਰੁਪਏ

,, ,, ਵਿਦੇਸ਼ : 30 ਰੁਪਏ (ਸਮੁੰਦਰੀ ਡਾਕ ਰਾਹੀਂ)

,, ,, ਵਿਦੇਸ਼ : 100 ਰੁਪਏ (ਹਵਾਈ ਡਾਕ ਰਾਹੀਂ)

ਲਾਈਫ ਮੈਂਬਰਸ਼ਿਪ : 200 ਰੁਪਏ

ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—144001.
ਫੋਨ : 72504 ਪੀ. ਪੀ.

Office Address :
Monthly WARIAM
(Punjabi)
Ladowali Road
Jullundur-144001
Phone : 72504 P.P.

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ 3/1-77-ਐਡੀਟਰਜ਼, ਮਿਤੀ 2-3-77 ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



Namdhari Elibrary NamdhariElibrary@gmail.com

## ਗ਼ਜ਼ਲ

—ਮੁਸ਼ਤਾਕ ਸਿੰਘ ਐਮ. ਏ.

ਜੇ ਦੂਰ ਸਵੇਰੇ ਓਨੇ ਦੇ ਓਨੇ,
ਤਾਂ ਸਾਡੇ ਵੀ ਜੇਰੇ ਓਨੇ ਦੇ ਓਨੇ।
ਚਾਨਣ ਦੇ ਦੀਵੇ ਜਗੇ ਤਾਂ ਸਹੀ,
ਗੂਹੜੇ ਹਨੇਰੇ ਓਨੇ ਦੇ ਓਨੇ।
ਮੀਹਾਂ ਦੇ ਛੱਟੇ 'ਚ ਧੋਚੇ ਤਾਂ ਫੇਰੇ,
ਢਹਿੰਦੇ ਬਨੇਰੇ ਓਨੇ ਦੇ ਓਨੇ।
ਛੰਨਾਂ ਦੀ ਹਾਲਤ ਕਦੋਂ ਸੌਰਨੀ ਸੀ,
ਜੇ ਮਹਿਲ ਉਚੇਰੇ ਓਨੇ ਦੇ ਓਨੇ।
ਪਿੰਜਰੇ 'ਚ ਖਿਲਰੇ ਖੰਭ ਕਹਿ ਰਹੇ ਨੇ,
ਕਿ ਪੈਂਡੇ ਲੰਮੇਰੇ ਓਨੇ ਦੇ ਓਨੇ।
ਰੌਣਕ ਵਧੀ ਤੇਰੇ ਖੇਤਾਂ ਦੀ ਪਰ,
ਡਿਪੂਆਂ ਦੇ ਫੇਰੇ ਓਨੇ ਦੇ ਓਨੇ।
ਅਜ਼ਾਦੀ ਦੀ ਵੰਝਲੀ ਅਲਾਪੇ ਪਈ,
ਕਿ ਦੁਸ਼ਮਣ ਨੇ ਮੇਰੇ ਓਨੇ ਦੇ ਓਨੇ।
ਸੜਕਾਂ ਤੇ ਹਾਸੇ ਦੀ ਛਣਕਾਰ ਫੈਲੀ,
ਤਾਂ ਹੌਕੇ ਚੁਫੇਰੇ ਓਨੇ ਦੇ ਓਨੇ।
ਅੰਦਰ ਹਜ਼ਾਰਾਂ ਨੂੰ ਸੁੱਟਿਆ ਤਾਂ ਕੀ,
ਜੇ ਬਾਹਰ ਲੁਟੇਰੇ ਓਨੇ ਦੇ ਓਨੇ।

—×—

ਕਿਸਨੂੰ ਦਿਲ ਦਾ ਹਾਲ ਸੁਣਾਵਾਂ,
ਦੁਸ਼ਮਨ ਬਣ ਗਈਆਂ ਹਵਾਵਾਂ।
ਚੈਨ ਦਿਨੇ ਨਾ ਰਾਤੀਂ ਟਿਕਾਣਾ,
ਪਿਆਰ ਦੀਆਂ ਇਹ ਘੋਰ ਸਜ਼ਾਵਾਂ।
ਆਸ ਦੀ ਤੌਣ ਨਾ ਰੀਝ ਦਾ ਬਾਲਣ,
ਕੀ ਮੈਂ ਦਿਲ ਦਾ ਚੁੱਲ੍ਹਾ ਤਾਵਾਂ।
ਰਾਤ ਗ਼ਮਾਂ ਦੇ ਅੰਦਰ ਬਲਦਾ,
ਦੀਵਾ ਆਸ ਦਾ ਟਾਵਾਂ ਟਾਵਾਂ।
ਪੈਰੀਂ ਬੇੜੀ, ਹੱਥੀਂ ਕੜੀਆਂ,
ਜਿੱਧਰ ਤੱਕਾਂ, ਜਿੱਧਰ ਜਾਵਾਂ,
ਆਪਣੇ ਦੇਸ਼ 'ਚ, ਆਪਣੇ ਰਾਜ 'ਚ,
ਨੰਗੀਆਂ ਧੀਆਂ, ਭੁੱਖੀਆਂ ਮਾਵਾਂ।

—25 ਵਿੰਡਹਾਰਨ ਐਵਨਿਊ, ਹੇਜ਼,
ਮਿਡਲਸੈਕਸ ਯੂ. ਕੇ.

## ਰੂਜ਼

—ਇਕਬਾਲ ਦੀਪ

ਹਾਸਿਆਂ ਦਾ ਰੂਜ਼ ਮਲ
ਦੂਜਿਆਂ ਸੰਗ ਮੁਸਕਾਈਦਾ
ਆਪਣਾ ਆਪ ਭੁਲਾਈਦਾ
ਰੋਜ਼ ਸਵੇਰੇ ਤਿਲਾਂਜਲੀ ਦੇ
ਸ਼ਾਮਾਂ ਪਈਆਂ ਤੋਂ
ਉਸ ਘਰ ਮੁੜ ਆਈਦਾ।
ਮਹਿਮਾਂ ਦੀ ਪੰਡ
ਕੰਧਾੜੇ ਚਾਅ ਕੇ ਮਲੋ ਮਲੀ
ਦੂਜਿਆ ਵਿਹੜੇ ਰਖ ਆਈਦਾ।
ਰੋਜ਼ ਦਿਹਾੜੇ ਸੀਸ ਤਲੀ
ਚਾਅ ਕੇ ਜਾਈਦਾ
ਅੰਗ ਵਿਹੂਣੇ ਹੋ ਕੇ
ਸ਼ਾਮਾਂ ਪਈਆਂ ਤੋਂ
ਉਸੇ ਘਰ ਮੁੜ ਆਈਦਾ।

—×—

## ਦਿੱਠੀ, ਮਲਕ ਭਾਗੋ ਦੇ ਨਾਂ

—ਮਨੋਹਰ ਸਿੰਘ (ਮਾਰਕੋ)

ਕਾਵਾਂ ਵੇ ਸ਼ਾਹ ਕਲਆ,
ਕੋਈ ਉਜਲਾ ਬੋਲ ਸੁਣਾ।
ਚਿੜੀ ਵਿਚਾਰੀ ਡੁਸਕਦੀ,
ਤੂੰ ਖਿਚੜੀ ਲੈਂਦਾ ਖਾ।
ਤੇਰੇ ਕਾਰੇ ਕਾਲਖ ਲਿਬੜੇ,
ਤੈਨੂੰ ਖੋਹਣ ਖਾਣ ਦਾ ਚਾ।
ਤੂੰ ਹਕ ਪਰਾਇਆ ਸਾਂਭਦਾ,
ਜੋ ਧਰਮੋ ਵਖਰਾ ਰਾਹ।
ਕੋਈ ਉਠਸੀ ਮਰਦ ਅਗੰਮੜਾ,
ਜੋ ਚਿੜੀਆਂ ਦਾ ਅਸ਼ਨਾ।
ਕੋਈ ਰਾਖਾ ਜੀਆਂ ਨਿਤਾਣਿਆਂ,
ਤੇਰੀ ਦੇਵੇ ਸਫ਼ਾ ਵਿਛਾ।
ਇਹ ਸਭਿਅਤਾ ਦੀ ਖ਼ੁਦਕੁਸ਼ੀ,
ਕੋਈ ਕਾਂ ਬਣ ਕੀਕਣ ਜੀਵੇ ?
ਚਿੜੀ ਵਿਚਾਰੀ ਕੀ ਕਰੇ,
ਮੁੜ ਮੁੜ ਠੰਡਾ ਪਾਣੀ ਪੀਵੇ।



Namdhari Elibrary NamdhariElibrary@gmail.com

# ਰਬ ਖਾਂਦਾ ਰਾਗ ਨਿਆਮਤਾਂ

**ਰਾਜਿੰਦਰ ਸਿੰਘ**

ਸਚ, ਸੰਗੀਤ ਤੇ ਸਤਿਗੁਰੂ ਜੀ ਨੂੰ ਅਲਗ ਨਹੀਂ ਕੀਤਾ ਜਾ ਸਕਦਾ। ਕਿਉਂ ?

ਰਬ ਖਾਂਦਾ ਰਾਗ ਨਿਆਮਤਾਂ
ਪਹਿਨੇ ਸਚ ਪੁਸ਼ਾਕ।

ਸਤਿਗੁਰੂ ਹੀ ਸਚ ਨੂੰ ਦ੍ਰਿੜ੍ਹਾਉਂਦ ਹੈ, ਤੇ ਰੱਬ ਨੂੰ ਮਿਲੋਂਦਾ ਹੈ।

ਮੀਰਾਂ ਨੇ ਗਾ ਕੇ ਹੀ ਰੱਬ ਦੀ ਪ੍ਰਾਪਤੀ ਕੀਤੀ ਸੀ ਅਤੇ ਇਹ ਪ੍ਰਾਪਤੀ ਕਲਿਯੁਗ ਦੇ ਸਾਰੇ ਭਗਤਾਂ ਵਿਚ ਵਿਆਪਕ ਰਹੀ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਏਸੇ ਹੀ ਰੀਤੀ ਨੂੰ ਨਿਵਾਜਿਆ ਤੇ—"ਕਲਿਜੁਗ ਕੀਰਤਨ ਨਾਮ ਅਧਾਰ" ਦੇ ਸੰਦੇਸ਼ ਨੂੰ ਘਰ ਘਰ ਪੁਚਾਇਆ।

ਮੇਰੇ ਛੋਟੇ ਲੜਕੇ ਦਾ ਨਾਮ ਪ੍ਰਿਥੀਪਾਲ ਹੈ। ਉਸ ਨੇ ਜਦੋਂ ਕੋਈ ਚੀਜ਼ ਮੈਥੋਂ ਲੈਣੀ ਹੋਵੇ ਪਹਿਲਾਂ ਪੋਲੇ ਜਿਹੇ ਮੂੰਹ ਨਾਲ ਗੱਲ ਕਰਦਾ ਹੈ ਤੇ ਜਦੋਂ ਮੈਂ ਮਾੜੀ ਮੋਟੀ ਹੂੰ ਹਾਂ ਕਰ ਦਿਆਂ ਤਾਂ ਕੁਝ ਦਿਨਾਂ ਪਿਛੋਂ ਮੈਨੂੰ ਮਜਬੂਰਨ ਉਸ ਦੀ ਗੱਲ ਮੰਨਣੀ ਪੈਂਦੀ ਹੈ ਤੇ ਇਸ ਤਰ੍ਹਾਂ ਮੈਨੂੰ ਹਜ਼ਾਰਾਂ ਰੁਪਏ ਦੇ ਹੇਰ ਫੇਰ ਵਿਚ ਉਲਝਾ ਲੈਂਦਾ ਹੈ।

ਠੀਕ ਇਸੇ ਤਰ੍ਹਾਂ ਬਹੁਤ ਪਹਿਲੇ ਸੂ: ਹਜ਼ਾਰਾ ਸਿੰਘ ਜੀ ਨੇ ਮੈਨੂੰ ਕਿਹਾ ਸੀ, ਐਤਕਾਂ "ਸਿਮ੍ਰਤੀ ਸੰਗੀਤ" ਬੰਬਈ ਹੋਣਾ ਹੈ ਤੇ ਆਪਾਂ ਚਲਾਂਗੇ। ਮੈਂ ਤਾਂ ਨਾ ਜਿਹੀ ਕਰ ਦਿਤੀ। ਹੌਲੇ ਤੇ ਜਦੋਂ ਮੈਂ ਗਿਆ, ਤਾਂ ਕਹਿਣ ਲਗੇ ਦੋ ਅਪ੍ਰੈਲ ਨੂੰ ਬੰਬਈ ਪਹੁੰਚਣਾ ਹੈ। ਮੇਰੇ ਉਤੇ ਜਿਵੇਂ ਬਦਲ ਹੀ ਡਿੱਗ ਪਿਆ ਹੋਵੇ। ਏਡੀ ਛੇਤੀ ਤਾਂ ਮਿਸਰ ਦੇ ਹਮਲੇ ਵੇਲੇ ਇਜ਼ਰਾਈਲ ਵੀ ਸੰਭਲ ਨਹੀਂ ਸੀ ਸਕਿਆ।

ਮੈਂ ਛੇਤੀ ਪਿੰਡ ਜਾ ਕੇ ਘਰ ਸਲਾਹ ਕਰਨੀ ਚਾਹੁੰਦਾ ਸਾਂ ਕਿ ਜਾ ਵੀ ਸਕਾਂਗਾ ਬੰਬਈ ਜਾਂ ਨਾਂ। ਅਤੇ ਸਤਿਗੁਰੂ ਜੀ ਤੋਂ, ਭੋਗ ਪੈਣ ਤੋਂ ਪਹਿਲਾਂ ਹੀ ਛੁਟੀ ਲੈਣੀ ਚਾਹੁੰਦਾ ਸਾਂ। ਸੰਤ ਹਜ਼ਾਰਾ ਸਿੰਘ ਜੀ ਮੇਰੇ ਨਾਲ ਸਨ। ਉਹਨਾਂ ਮੇਰੇ ਤੋਂ ਪਹਿਲਾਂ ਹੀ ਅਰਜ਼ ਕਰ ਦਿਤੀ—

ਗ਼ਰੀਬ ਨਿਵਾਜ ! ਰਾਜਿੰਦਰ ਸਿੰਘ ਵੀ ਬੰਬਈ ਜਾਣਾ ਚਾਹੁੰਦਾ ਹੈ। ਸਤਿਗੁਰੂ ਜੀ ਕਿਹਾ—ਠੀਕ ਹੈ, ਇਹ ਵੀ ਚੱਲੇ। ਅੱਜ ਇਸ ਨੂੰ ਪਿੰਡ ਜਾਣ ਦੀ ਆਗਿਆ ਵੀ ਨਹੀਂ ਮਿਲ ਸਕਦੀ। ਸਿਤਾਰ ਵਾਦਕ ਉਸਤਾਦ ਵਲੈਤ ਖਾਂ ਸਾਹਿਬ ਰਾਤ ਨੂੰ ਪ੍ਰੋਗਰਾਮ ਪੇਸ਼ ਕਰਨਗੇ। ਸੰਤ ਹਜ਼ਾਰਾ ਸਿੰਘ ਜੀ ਹੱਸ ਰਹੇ ਸਨ ਤੇ ਮੈਂ ਹੁਕਮ ਸੁਣ ਰਿਹਾ ਸਾਂ।

ਮੈਂ ਅਜੇ ਪਿੰਡ ਹੀ ਪਹੁੰਚਿਆ ਸਾਂ ਕਿ ਸੰਤ ਜੀ ਨੇ ਨਾਰਦ ਮੁਨੀ ਦੀ ਤਰ੍ਹਾਂ ਅਚਾਨਕ ਆ ਦਰਸ਼ਨ ਦਿਤੇ। ਹਾਂ ਜੀ ! ਆਪਾਂ ਅੱਜ ਹੀ ਚਲਣਾਂ ਹੈ ਤੇ ਏਹੋ ਸਤਿਗੁਰੂ ਜੀ ਦਾ ਹੁਕਮ ਹੈ।

ਬੰਬਈ ਦਿਲੀ ਤੋਂ ਏਨੀ ਦੂਰ ਏਨੀ ਦੂਰ ਹੈ ਕਿ ਅਗੇ ਜੇ ਸਮੁੰਦਰ ਨਾ ਆ ਜਾਂਦਾ, ਤਾਂ ਪਤਾ ਨਹੀਂ ਇਹ ਹੋਰ ਕਿੰਨੀ ਦੂਰ ਚਲੀ ਜਾਂਦੀ। ਬੰਬਈ, ਜਿਥੇ ਕਦੇ ਮਰਾਠਾ ਦਰਬਾਰ ਸਜਦੇ ਸਨ। ਜਿਨ੍ਹਾਂ ਦੀ ਧਾਂਕ ਸਾਰੇ ਭਾਰਤ ਉਤੇ 'ਰੋਖੂ ਰੁਹਾਨ' ਦੀ ਤਰ੍ਹਾਂ ਪੈਂਦੀ ਸੀ। ਜਿਨ੍ਹਾਂ ਸੂਰਬੀਰ ਮਰਾਠਿਆਂ ਨੇ ਪਟਿਆਲੇ ਤਕ ਸਾਰੇ ਭਾਰਤ ਨੂੰ ਈਨ ਮਨਾ ਲਈ ਸੀ। ਪਰ ਸਰਦਾਰਨੀ ਸਾਹਬ ਕੌਰ ਨੇ ਕਿਹਾ ਸੀ ਬਸ ! ਏਸ ਤੋਂ ਅੱਗੇ ਨਹੀਂ।

ਅੱਜ ਉਸੇ ਧਰਤੀ ਦੇ ਲਡਿਕੇ, ਨਾਮਧਾਰੀ ਸਿੰਘ, ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਹੇਠ 'ਸੰਗੀਤਕ ਵਿਜੇ ਲਈ' ਬੰਬਈ ਪੁਜ ਗਏ ਹਨ। ਬਿਰਲਾ ਮਾਤ੍ਰੂਸ਼੍ਰੀ ਹਾਲ ਅੱਜ ਦੁਲਹਨ ਦੀ ਤਰ੍ਹਾਂ ਸਜਿਆ ਹੋਇਆ ਹੈ। ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਅਭਿਨੰਦਨ ਲਈ ਸਾਰਾ ਹਾਲ ਖਚਾ ਖਚ ਭਰਿਆ ਹੋਇਆ ਹੈ। ਅਜ ਮਰਾਠੇ ਸਰਦਾਰਾਂ ਦਾ ਸਰਦਾਰ-ਮੁਖਮੰਤਰੀ ਸ੍ਰੀ ਬਸੰਤ ਰਾਉ ਪਾਟਲ ਖੁਦ ਅੱਗੇ ਲਗ ਕੇ ਇਸ ਸੰਗੀਤ ਮਹੋਤਸਵ ਵਿਚ ਸ਼ਾਮਲ ਹੋਇਆ ਹੈ।

ਮੈਨੂੰ ਤਾਂ ਏਹੋ ਮਹਿਸੂਸ ਹੋਇਆ ਸੀ ਜਿਵੇਂ ਮਰਾਠੇ, ਸੰਗੀਤ ਨਾਲੋਂ ਵੀ ਵਧ ਸਫੇਦ ਵਸਤਰਾਂ ਵਿਚ ਸਜੇ ਨਿਰਾਲੀ ਸ਼ਾਨ ਨਾਲ ਸਟੇਜ ਉਤੇ ਬੈਠੇ, ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹੀ ਸ਼ੌਕ ਨਾਲ ਵੇਖਣ ਵਿਚ ਰਸ ਲੈ ਰਹੇ ਸਨ।

ਪਹਿਲਾਂ ਮੈਂ ਵੀ ਏਹੋ ਸਮਝਦਾ ਸਾਂ ਕਿ ਏਹ ਕਵੀਆਂ ਦੀ ਕਲਪਨਾ ਹੀ ਹੈ, ਭਗਵਾਨ ਨੇ ਕਾਲੀ ਨਾਗ ਦੇ ਸਿਰ ਤੇ



Namdhari Elibrary NamdhariElibrary@gmail.com

ਨਾਚ ਕੀਤਾ ਸੀ। ਅਜ ਜਦੋਂ ਬਿਰਜੂ ਮਹਾਰਾਜ ਨੇ ਤਾ-ਤਾ, ਤਤਾ ਥਈ ਦੇ ਤਾਲ ਨਾਲ, ਘਨ ਘੋਰ ਘਟਾ ਬਦਲ ਨੂੰ ਸਟੇਜ ਤੇ ਉਤਾਰ ਕੇ ਲੋਕਾਂ ਸਾਹਮਣੇ ਪੇਸ਼ ਕੀਤਾ ਤਾਂ ਹੈਰਾਨੀ ਦੀ ਕੋਈ ਹੱਦ ਨਾ ਰਹੀ। ਮੈਂ ਤਾਂ ਏਹੋ ਸਮਝ ਰਿਹਾ ਹਾਂ ਕਿ ਪਹਿਲਾਂ ਕ੍ਰਿਸ਼ਨ ਮਹਾਰਾਜ ਦੇ ਤਬਲੇ ਤੇ ਮਸਤ ਹੋ ਕੇ ਕਾਲੀ ਨਾਗ ਮੇਲਣ ਲਗ ਪਿਆ। ਤਬਲੇ ਦੀਆਂ ਬਨਾਰਸੀ ਧੁਨੀਆਂ ਸੁਣ ਕੇ ਜਦੋਂ ਭਗਵਾਨ ਨੂੰ ਸਰੂਰ ਆਇਆ ਉਹਨਾਂ ਨੇ ਕਾਲੀ ਨਾਗ ਦੇ ਸਿਰਾਂ ਨੂੰ ਹੀ ਸਟੇਜ ਬਣਾ ਲਿਆ। ਏਸ ਮੌਕੇ ਤੇ ਜੇ 'ਰਰੜ ਭਗਵਾਨ' ਵੀ ਕਾਲੀ ਦੇ ਸਿਰ ਤੇ ਆ ਬੈਠਦਾ, ਉਹ ਵੀ ਦੁਸ਼ਮਣੀ ਭੁਲ ਜਾਂਦਾ। ਹੁਣ ਕਾਲੀ ਤੇ ਕ੍ਰਿਸ਼ਨ ਬੰਸਰੀ ਨਾਲ ਇਕ ਸੁਰ ਹੋ ਕੇ ਨੱਚ ਰਹੇ ਸਨ। ਤੇ ਨਾਲ ਹੀ ਜਮਨਾਂ ਸਮੇਤ ਸਾਰੀ ਬ੍ਰਜ ਭੂਮੀ ਵੀ ਨਚ ਰਹੀ ਸੀ।

ਸਾਰਾ ਹਾਲ ਹੀ ਕ੍ਰਿਸ਼ਨ ਮਹਾਰਾਜ ਦੇ ਤਬਲੇ ਤੇ ਬਿਰਜੂ ਮਹਾਰਾਜ ਦੇ ਕਥਕ ਨਾਚ ਨਾਲ ਝੂਮ ਰਿਹਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਤੇ ਬੰਬਈ ਦੀ ਨਾਮਧਾਰੀ ਸੰਗਤ ਦਾ ਸਪਨਾ ਸਾਕਾਰ ਹੋ ਰਿਹਾ ਸੀ। ਏਸ ਲਈ ਵੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਸ਼ੀਰਵਾਦ ਵੀ ਉਹਨਾਂ ਦੇ ਨਾਲ ਸੀ, ਜਿਨ੍ਹਾਂ ਦੀ ਯਾਦ ਵਿਚ ਬੰਬਈ ਦੀ ਨਾਮਧਾਰੀ ਸੰਗਤ ਨੇ ਇਕ ਲਖ ਤੋਂ ਵਧ ਰੁਪਏ ਖਰਚ ਕੇ ਏਸ ਤਿਉਹਾਰ ਨੂੰ ਮਨਾਉਣ ਵਾਸਤੇ ਬੰਬਈ ਜੈਸੇ ਮਹਾਨ ਨਗਰ ਨੂੰ ਸੰਗੀਤ ਦਾ ਮਾਧਯਮ ਚੁਣਿਆ।

———

ਤਾਰਾਂ ਦੀ ਖੇਡ

ਪਟੜੇ ਦੀ ਸ਼ਕਲ ਦਾ ਅਜੀਬੋ ਗਰੀਬ ਸਾਜ ਹੈ ਸੰਤੂਰ। ਸ਼ਿਵ ਕੁਮਾਰ ਸ਼ਰਮਾ ਨੇ ਏਸ ਉਤੇ ਏਨੀ ਸਾਧਨਾਂ ਕੀਤੀ ਕਿ ਅੱਜ ਏਹ ਸਾਜ ਬੇਹੱਦ ਹਰ ਦਿਲ ਅਜੀਜ਼ ਬਣ ਰਿਹਾ ਹੈ। ਵੇਖਣ ਵਿਚ ਜਿਵੇਂ ਅਜੀਬ ਲਗਦਾ ਹੈ ਏਸੇ ਤਰ੍ਹਾਂ ਵਜਾਉਣ ਵਿਚ ਵੀ ਨਵਾਂ ਸੁਆਦ ਪੈਦਾ ਕਰਦਾ ਹੈ। ਬਲਿਹਾਰ ਜਾਈਏ ਸਤਿਗੁਰੂ ਜੀ ਦੇ, ਜਿਨ੍ਹਾਂ ਦੀ ਵਿਲਖਣ ਸ਼ਕਤੀ ਨੇ ਸ਼ਿਵ ਕੁਮਾਰ ਦੀ ਸਾਧਨਾਂ ਨੂੰ ਚਾਰ ਚੰਦ ਲਾ ਕੇ ਬੰਬਈ ਦੀ ਮਾਤ੍ਰ-ਸ੍ਰੀ ਸਟੇਜ ਤੇ ਲੋਕਾਂ ਸਾਹਮਣੇ ਪੇਸ਼ ਕੀਤਾ। ਏਹੋ ਹੀ ਨਹੀਂ ਸ਼ਰਮਾ ਜੀ ਦੇ ਏਸ ਹੁਨਰ ਨੂੰ ਗੁਰੂ ਘਰ ਵਿਚ ਲਿਆਉਣ ਲਈ ਦੋ ਨਾਮਧਾਰੀ ਬਚੇ ਵੀ ਇਨ੍ਹਾਂ ਦੇ ਸ਼ਾਗਿਰਦ ਬਣਾ ਦਿਤੇ ਹਨ।

ਜਲ ਤਰੰਗ ਦੀ ਤਰ੍ਹਾਂ ਸੰਤੂਰ ਕਾਨੀਆਂ ਨਾਲ ਵਜਾਇਆ ਜਾਂਦਾ ਹੈ। ਧੁਨੀ ਜਾਂ ਮੀਂਡ, ਸਿਤਾਰ ਦੀ ਤਰ੍ਹਾਂ ਪੈਦਾ ਕਰ ਕੇ ਏਸ ਦੇ ਹਜ਼ਾਰਾਂ ਟੁਕੜੇ ਕਰ ਦਿੰਦਾ ਹੈ ਵਾਦਕ। ਏਹੋ ਸਭ ਤੋਂ ਵੱਡੀ ਖੂਬੀ ਹੈ ਏਸ ਕਸ਼ਮੀਰੀ ਸਾਜ਼ ਦੀ।

———

ਮਹਾਰਾਜ ਬੀਰ ਸਿੰਘ ਜੀ ਨੂੰ ਜੇ ਗੁਰਮਤ ਸੰਗੀਤ ਦੇ ਬਾਦਸ਼ਾਹ ਕਹਿ ਲਈਏ ਤਾਂ ਅਤਿ ਕਥਣੀ ਨਹੀਂ। ਤਬਲੇ ਉਤੇ ਸਾਚ ਤਾਂ ਵਜਾਉਂਦੇ ਹੀ ਹਨ, ਗਾਇਣ ਵਿਚ ਵੀ ਕਮਾਲ ਕਰ ਦਿੰਦੇ ਹਨ। "ਮੇਰੀ ਪ੍ਰੀਤ ਗੋਬਿੰਦ ਸਿਉਂ ਜੋ ਨਾ ਘਟੇ" ਜਦੋਂ ਪਲਾਸੀ ਵਿਚ ਗਾਵਿਆਂ, ਦੇਰ ਤਕ ਤਾਲੀਆਂ ਨਾਲ ਹਾਲ ਗੂੰਜਦਾ ਰਿਹਾ।

ਪਿੰਕੀ ਬੜਾ ਪਿਆਰਾ ਬੱਚਾ ਹੈ ਉਮਰ 12 ਤੋਂ ਵੀ ਘਟ। ਪਰ ਜਦੋਂ ਉਸ ਨੇ ਤਬਲੇ ਉਤੇ ਪਖਾਵਜ ਵਜਾਉਣੀ ਸ਼ੁਰੂ ਕੀਤੀ, ਮੰਦਰ ਵਿਚ ਹੈਰਾਨੀ ਭਰਪੂਰ ਵਾਤਾਵਰਣ ਪੈਦਾ ਹੋ ਗਿਆ। ਏਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਿਹਰ ਸਦਕਾ ਹੀ ਹੈ। ਸੰਗੀਤ ਪੰਡਤਾਂ ਨੇ ਪਿੰਕੀ ਨੂੰ ਹੱਥਾਂ ਉਤੇ ਚੁਕ ਲਿਆ ਤੇ ਫੂਲਾਂ ਨਾਲ ਸਜਾ ਦਿਤਾ ਖੁਦ ਸ੍ਰੀ ਸਤਿਗੁਰੂ ਜੀ ਨੇ।

———

ਸਤਿਗੁਰੂ ਜਗਜੀਤ ਸਿੰਘ ਜੀ!

ਜਦੋਂ ਅਸੀਂ ਛੋਟੇ ਹੁੰਦੇ ਸਾਂ ਉਦੋਂ ਸੰਗੀਤ ਨਾਲੋਂ ਬਿਲੀਆਂ ਨਾਲ ਖੇਡਣ ਵਿਚ ਜ਼ਿਆਦਾ ਆਨੰਦ ਆਉਂਦਾ ਸੀ। ਸੰਗੀਤ ਦੇ ਉਸਤਾਦ ਭਾਈ ਹਰਨਾਮ ਸਿੰਘ ਜੀ ਕਹਿੰਦੇ ਹੁੰਦੇ ਸਨ। ਬਿਲੀਆਂ ਨਾਲ ਨਾ ਖੇਡਿਆ ਕਰੋ! ਤੁਸਾਂ ਗੁਰੂ ਬਣਨਾ ਹੈ।

ਸ੍ਰੀ ਭੈਣੀ ਸਾਹਿਬ ਦਾ ਸਾਰਾ ਵਾਤਾਵਰਣ ਹੀ ਸੰਗੀਤ-ਮਈ ਸੀ ਅਤੇ ਹਰ ਪਾਸਿਉਂ ਅਸਾਵਰੀ ਆਸਾ ਤੇ ਭੈਰਵੀ ਦੀਆਂ ਧੁਨਾਂ ਹੀ ਕੰਨਾਂ ਵਿਚ ਗੂੰਜਦੀਆਂ ਸਨ। ਅਸੀਂ ਸਭ ਬੱਚੇ ਵੱਡੀ ਪਾਰਟੀ ਵਿਚ ਸਾਂ,—ਬੇਅੰਤ ਜੀ! ਵਲਭ ਜੀ, ਤੇ ਰਾਜਿੰਦਰ ਸਿੰਘ ਯਾਨੀ ਮੈਂ।

ਅੱਜ ਸਤਿਗੁਰੂ ਜੀ ਸੰਗੀਤ ਨਾਇਕ ਹਨ। ਸੰਗੀਤ ਸ੍ਰਿਸ਼ਟਾ। ਪੌਣੇ ਪੰਦਰਾਂ, ਸਵਾ ਚੌਦਾਂ, ਸਾਢੇ ਸੋਲਾਂ ਤੇ ਗਿਆਰਾਂ ਮਾਤਰਾ ਦੇ ਤਾਲ ਏਹਨਾਂ ਖੁਦ ਤਿਆਰ ਕੀਤੇ ਹਨ ਤੇ ਉਹਨਾਂ ਨੂੰ ਏਨੇ ਵਧੀਆ ਢੰਗ ਨਾਲ ਪੇਸ਼ ਕਰਦੇ ਹਨ ਕਿ ਅਕਲ ਦੰਗ ਰਹਿ ਜਾਂਦੀ ਹੈ। 'ਜਿਨ ਮਿਲ ਮਾਰੇ ਪੰਚ ਸੂਰਬੀਰ" ਗੁਰੂ ਜੀ ਦੀ ਆਪਣੀ ਸੰਗੀਤ ਰਚਨਾ ਹੈ ਜਿਸ ਨੂੰ ਸੁਣ ਕੇ ਸਿਤਾਰ ਵਾਦਕ ਉਸਤਾਦ ਵਲੈਤ ਖਾਂ ਨੇ ਕਿਹਾ ਸੀ ਵਾਹ! ਏਸ ਤੋਂ ਵਧੀਆ ਰਚਨਾ ਮੈਂ ਆਪਣੀ ਜ਼ਿੰਦਗੀ ਵਿਚ ਨਹੀਂ ਸੁਣੀ। ਤੇ ਏਸ ਦਾ ਰਿਕਾਰਡ ਭਰਵਾ ਕੇ ਨਾਲ ਲੈ ਗਏ।



Namdhari Elibrary NamdhariElibrary@gmail.com

ਕਹਾਣੀ

# ਇਕ ਅਹਿਸਾਸ ਦੀ ਮੌਤ

—ਪ੍ਰਕਾਸ਼

ਆਪਣੇ ਕਮਰੇ ਨੂੰ ਇਕ ਨਜ਼ਰ। ਦੇਖਿਆ ਕਮਰੇ ਦੇ ਵਿਚ ਕਿਤਾਬਾਂ ਅਤੇ ਰਸਾਲੇ ਖਿਲਰੇ ਪਏ ਸਨ। ਇਕ ਕੋਨਾ ਜੋ ਹੋਰਨਾਂ ਨਾਲੋਂ ਕੁਝ ਸਾਫ ਸੀ ਜਿਥੇ ਉਹ ਅਕਸਰ ਆਰਾਮ ਕਰਨ ਦੇ ਲਈ ਲੇਟਿਆ ਕਰਦਾ ਸੀ ਅਤੇ ਦੂਸਰੇ ਕੋਨੇ 'ਚ ਕੁਝ ਖਾਲੀ ਕੈਨਵਸ ਅਤੇ ਇਧਰ ਉਧਰ ਰੰਗਾਂ ਦੀਆਂ ਟਿਊਬਾਂ ਪਈਆਂ ਸਨ ਅਤੇ ਨਾਲ ਹੀ ਕਲਰ ਪਲੇਟ ਵੀ ਸੀ। ਜੋ ਸ਼ਾਇਦ ਕਦੀ ਵੀ ਸਾਫ਼ ਨਹੀਂ ਸੀ ਕੀਤੀ ਗਈ ਅਤੇ ਉਸ ਉਤੇ ਪਏ ਰੰਗ ਸੁਕ ਗਏ ਸਨ। ਤੀਸਰੇ ਕੋਨੇ 'ਚ ਖਾਲੀ ਬੋਤਲਾਂ ਅਤੇ ਕੁਝ ਤੇਲ, ਵਾਰਨਿਸ਼ ਵਗੈਰਾ ਦੇ ਡੱਬੇ ਪਏ ਸਨ ਅਤੇ ਚੌਥਾ ਕੋਨਾਂ ਜਿਥੇ ਦਰਵਾਜ਼ਾ ਸੀ। ਉਹ ਕੁਰਸੀ ਤੇ ਖੁਦ ਬੈਠਾ ਸੀ ਅਤੇ ਕਦੀ ਕਦੀ ਵਿਸਕੀ ਦੀ ਬੋਤਲ ਨੂੰ ਮੂੰਹ ਨਾਲ ਲਾ ਇਕ ਦੋ ਘੁੱਟ ਪੀ ਲੈਂਦਾ।

ਅੱਜ ਪਤਾ ਨਹੀਂ ਕਿਉਂ ਇਕ ਬੇਚੈਨੀ ਨੇ ਉਸ ਨੂੰ ਘੇਰ ਰਖਿਆ ਸੀ। ਉਸ ਨੇ ਕਮਰੇ ਦੇ ਖਿਲਾਰੇ ਨੂੰ ਦੇਖਿਆ ਤੇ ਫੇਰ ਸਿਗਰੇਟ ਸੁਲਗਾ ਸ਼ਾਇਦ ਕੁਝ ਹੋਰ ਸੋਚਣ ਲਈ ਅਤੇ ਕੁਛ ਆਪਣੇ ਅਤੀਤ 'ਚ ਖੋ ਜਾਣਾ ਚਾਹਿਆ। ਪ੍ਰੰਤੂ ਉਹਨੂੰ ਰਹਿ ਰਹਿ ਕੇ ਇਸ ਤਰ੍ਹਾਂ ਇਥੇ ਬੈਠਣਾ ਅਤੇ ਸਵੇਰੇ ਹੀ ਅਨਾਮਿਕਾਂ ਦੇ ਜਾਣ ਤੇ ਖਿਝ ਆ ਜਾਂਦੀ। ਸ਼ਾਇਦ ਕਮਰੇ ਦਾ ਬਿਖਰਾਵ ਜਾਂ ਆਪਣਾ ਇਕਲਾਪਨ ਉਸਨੂੰ ਬੇਚੈਨ ਕਰ ਰਿਹਾ ਸੀ। ਸਿਗਰੇਟ ਦੀ ਡੱਬੀ ਜੇਬ 'ਚ ਪਾ ਉਹ ਬਾਹਰ ਆ ਗਿਆ ਅਤੇ ਖੁਲੀ ਸੜਕ ਤੇ ਬਿਨਾਂ ਕੁਝ ਸੋਚੇ ਇਕ ਪਾਸੇ ਤੁਰ ਪਿਆ।

— — —

ਇਸ ਵਕਤ ਰਾਤ ਕਾਫੀ ਢਲ ਚੁਕੀ ਸੀ ਅਤੇ ਉਹ ਆਪਣੇ ਕਮਰੇ ਤੋਂ ਬਹੁਤ ਦੂਰ ਸੀ। ਹੋ ਸਕਦਾ ਹੈ ਐਵੇਂ ਹੀ ਲਗਾ ਹੋਵੇ ਕਿ ਘਰ ਅਤੇ ਉਸ ਦੇ ਦਰਮਿਆਨ ਦੂਰੀ ਬਹੁਤ ਹੈ। ਜਦ ਉਹ ਬੱਸ ਸਟੈਂਡ ਤੇ ਪਹੁੰਚਿਆ ਤਾਂ ਆਖਰੀ ਬੱਸ ਜਾ ਚੁਕੀ ਸੀ ਅਤੇ ਉਹ ਹਨੇਰੇ 'ਚ ਖੜਾ ਦੂਰ ਜਾਂਦੀ ਉਸ ਸੁੰਨ ਸਾਨ ਸੜਕ ਨੂੰ ਦੇਖਦਾ ਰਿਹਾ। ਜੋ ਉਸ ਦੇ ਘਰ ਵਲ ਨੂੰ ਜਾਂਦੀ ਸੀ ਅਤੇ ਇਹ ਸੋਚਣਾ ਇਸ ਵਕਤ ਕੁਝ ਇਹ ਤਰ੍ਹਾਂ ਹੀ ਲਗਾ ਕਿ ਅਨਾਮਿਕਾ ਸ਼ਾਇਦ ਹੁਣ ਕਦੀ ਉਸ ਦੇ ਜੀਵਨ 'ਚ ਫੇਰ ਕਦੀ ਨਹੀਂ ਆਏਗੀ। ਜਿਸ ਤਰ੍ਹਾਂ ਆਖਰੀ ਬਸ ਦੇ ਚਲੇ ਜਾਣ ਦੇ ਬਾਅਦ ਫੇਰ ਕਿਸੇ ਬਸ ਦਾ ਇੰਤਜ਼ਾਰ ਕਰਨਾ ਪਰ ਉਹ ਫੇਰ ਵੀ ਉਥੇ ਕੁਝ ਦੇਰ ਹੋਰ ਖੜਾ ਰਿਹਾ ਅਤੇ ਰਸਤੇ ਦੀ ਦੂਰੀ, ਇਕਲਾਪਨ ਉਸ ਕਮਰੇ ਦਾ ਬਿਖਰਾਵ ਜਿਵੇਂ ਬਸ ਇਹੀ ਉਸ ਦੀ ਜ਼ਿੰਦਗੀ ਹੋਵੇ। ਸਾਰਾ ਕੁਝ ਖਿਲਰਿਆ ਪਿਆ ਅਤੇ ਕਦੀ ਕਦੀ ਆਪਣੇ ਆਪ ਨੂੰ ਸਮੇਟਣ ਦੀ ਕੋਸ਼ਿਸ਼ ਕਰਨਾ ਅਤੇ ਫਿਰ ਉਸੇ ਤਰ੍ਹਾਂ ਸ਼ੈਲਫ ਤੋਂ ਕਿਤਾਬਾਂ ਫਰਸ਼ ਤੇ ਆ ਜਾਂਦੀਆਂ ਪਲੇਟ ਤੇ ਪਏ ਰੰਗ ਫਿਰ ਸੁਕਣ ਲਗਦੇ ਅਤੇ ਉਹ ਬੇਵਸੀ ਦੀ ਹਾਲਤ 'ਚ ਦਰਵਾਜ਼ੇ 'ਚ ਬੈਠਾ ਸਿਗਰੇਟ ਫੂਕ ਰਿਹਾ ਹੁੰਦਾ। ਹੁਣ ਜਦ ਕਿ ਉਹ ਆਪਣੇ ਕਮਰੇ ਤੋਂ ਬਹੁਤ ਦੂਰ ਸੀ। ਉਹਨੇ ਸੋਚਿਆ ਇਸ ਵਕਤ ਰਸਤੇ 'ਚ ਆਪਣੇ ਆਪ ਨੂੰ ਮੈਂ ਬਿਲਕੁਲ ਇਕਠਾ ਨਹੀਂ ਕਰ ਸਕਾਂਗਾ।

"ਅਨਾਮਿਕਾ"

ਉਸਨੇ ਫਿਰ ਸੋਚਿਆ ਆਪਣੀ ਜੇਬ 'ਚੋਂ ਸਿਗਰੇਟ ਕਢ ਸੁਲਗਾ ਲਈ।



Namdhari Elibrary NamdhariElibrary@gmail.com

ਸਿਗਰੇਟ ਦਾ ਧੂਆਂ ਏਧਰ ਉਧਰ ਫੈਲਦਾ ਰਿਹਾ ਅਤੇ ਰਸਤਾ ਅਜੇ ਬਹੁਤ ਲੰਬਾ ਹੈ ਤੇ ਉਸ ਦੇ ਵਿਚਾਰ ਕਿਸੇ ਉਸ ਦੀਵਾਰ ਤੇ ਲਗੇ ਹੋਏ ਇਸ਼ਤਿਹਾਰਾਂ ਵਰਗੇ ਸਨ ਜੋ ਇੱਕ ਦੂਸਰੇ ਤੋਂ ਅਗੇ ਪਿਛੇ ਤੋਂ ਆਪਣਾ ਸਿਰ ਕਢ ਆਪਣੇ ਏਥੇ ਹੋਣ ਦਾ ਅਹਿਸਾਸ ਕਰਾਂਦੇ ਰਹਿੰਦੇ ਹਨ।

ਬਸ ਫਰਕ ਤਾਂ ਸਿਰਫ ਏਨਾ ਹੀ ਸੀ ਕਿ ਉਹ ਜਿਸ ਰਸਤੇ ਤੋਂ ਆਈ ਸੀ। ਉਥੇ ਸਿਰਫ਼ ਰੇਤ ਹੀ ਰੇਤ ਸੀ। ਜਿਸ ਉਤੇ ਪਏ ਪੈਰਾਂ ਦੇ ਨਿਸ਼ਾਨ ਕਾਫੀ ਦੂਰ ਤੋਂ ਦਿਖਾਈ ਦੇ ਸਕਦੇ ਸੀ ਅੇਤੇ ਉਸੇ ਰਸਤੇ ਤੋਂ ਵਾਪਸ ਜਾਇਆ ਜਾ ਸਕਦਾ ਸੀ ਅਤੇ ਸ਼ਾਇਦ ਉਸ ਦੀ ਜ਼ਿੰਦਗੀ 'ਚ ਕਦੀ ਕੋਈ ਹਨੇਰੀ ਨਹੀਂ ਸੀ ਆਈ ਜਿਹੜੀ ਉਸ ਦੇ ਕਦਮਾਂ ਦੇ ਨਿਸ਼ਾਨ ਮਿਟਾ ਦੇਂਦੀ ਅਤੇ ਉਹ ਜਿਸ ਰਸਤੇ ਤੋਂ ਆਈ ਸੀ ਉਸੇ ਰਸਤੇ ਤੋਂ, ਸ਼ਾਇਦ ਵਾਪਸ ਚਲੀ ਗਈ ਅਤੇ ਮੈਂ……

……ਮੈਂ ਜਿਹੜੇ ਰਸਤੇ ਤੋਂ ਆਇਆ ਸੀ। ਉਹ ਰਸਤੇ ਬਹੁਤ ਹੀ ਆਮ ਸੀ ਅਤੇ ਉਥੇ ਦੀ ਪਤਾ ਨਹੀਂ ਕਿੰਨੇ ਕੁ ਗੁਜ਼ਰਦੇ ਸਨ। ਇਸ ਦਾ ਲਹਿ ਸਕਣਾ ਇਕ ਗਲਤ ਗਲ ਹੈ ਅਤੇ ਉਸੇ ਰਸਤੇ ਤੋਂ ਆਪਣੀ ਪੈੜੇ ਪਛਾਨਣਾ…?

ਉਹ ਰਸਤਾ ਅਜੇ ਬਹੁਤ ਲੰਬਾ ਹੈ ਜਾਂ ਉਸ ਤਰ੍ਹਾਂ ਹੀ ਲਗਦਾ ਹੈ ਕੁਝ ਵੀ ਹੋਵੇ ਸਿਗਰੇਟ ਦਾ ਆਖਰੀ ਕਸ਼ ਲੈ ਸੁਟ ਦੇਣਾ ਅਤੇ ਉਹ ਵੀ ਜਾਣਦਾ ਹੈ। ਕਮਰੇ 'ਚ ਏਨਾ ਬਿਖਰਾਵ ਹੈ ਕਿ ਉਹਨੂੰ ਸਮੇਟਣ ਦੀ ਕਦੀ ਲਾਲਸਾ ਨਹੀਂ ਹੋਈ। ਜਦ ਕਿ ਜ਼ਿੰਦਗੀ ਦੇ ਬਿਖਰਾਵ ਨੂੰ ਸਮੇਟਣ ਦੀ ਉਹ ਕਿੰਨੀ ਵਾਰ ਕੋਸ਼ਿਸ਼ ਕਰ ਚੁਕਾ ਸੀ।

... ... ...

ਜੋ ਵੀ ਪਹਿਲੇ ਸੱਚ ਸੀ ਉਹ ਹੁਣ ਝੂਠ ਹੈ। ਇਕ ਗਲਤ ਫਹਿਮੀ ਲੈ ਕਦਮ ਉਠ ਗਿਆ। ਪ੍ਰੰਤੂ ਉਹ ਲਕੀਰ ਦੀ ਦੂਸਰੀ ਤਰਫ ਨਾ ਜਾ ਸਕਿਆ। ਚਿਹਰੇ ਨੂੰ ਹਥ ਲਾ ਕੇ ਦੇਖਿਆ ਤਾਂ ਇਕ ਡਰ ਨੂੰ ਲਈ ਤਪ ਰਿਹਾ ਸੀ।

ਉਹਨੂੰ ਉਸ ਵਕਤ ਕੋਈ ਹੋਸ਼ ਨਾ ਰਹੀ ਅਤੇ ਧੜਮ ਕਰਕੇ ਡਿਗ ਪਿਆ ਅਤੇ ਅੱਖਾਂ ਥੋੜੀਆਂ ਜਿਹੀਆਂ ਵੀ ਖੁਲੀਆਂ ਤਾਂ ਆਪਣੇ ਆਸ ਪਾਸ ਨੂੰ ਟੋਹਣਾ ਸ਼ੁਰੂ ਕੀਤਾ।

ਪਥਰ ਅਤੇ ਪਥਰਾਂ ਦੇ ਸਿਵਾਂ ਤਾਂ ਕੁਝ ਵੀ ਨਹੀਂ… …ਉਫ……ਭਟਕਣ ਨੇ ਕਿਥੇ ਲਿਆ ਮਾਰਿਆ।

ਵਕਤ ਹੱਥ ਚੋਂ ਨਿਕਲ ਚੁਕਾ ਸੀ। ਇਥੇ ਪਏ-ਪਏ ਪਤਾ ਨਹੀਂ ਕਿੰਨਾ ਕੁ ਵਕਤ ਗੁਜ਼ਰ ਗਿਆ ਅਤੇ ਉਹ ਬੇਹੋਸ਼ੀ 'ਚ ਕੁਝ ਬੁੜਾਉਂਦਾ ਰਿਹਾ। ਕਿੰਨਾ ਕੁਝ ਕਹਿ ਗਿਆ ਉਸ ਨੂੰ ਕੁਝ ਵੀ ਯਾਦ ਨਹੀਂ ਉਸ ਵਕਤ ਕਿਸ ਨੂੰ ਆਪਣੇ ਨਾਲ ਦੇਖਿਆ ਸੀ ਅਤੇ ਕੀ ਬਕਦਾ ਰਿਹਾ ਸੀ ਕੁਝ ਵੀ ਤਾਂ ਯਾਦ ਨਹੀਂ। ਜਦ ਕੁਝ ਹੋਸ਼ ਆਈ ਤਾਂ ਸਾਹਮਣੇ ਸਿਧੀ ਕਾਲੀ ਜਿਹੀ ਸੜਕ ਸੀ। ਜਿਸ ਉਤੇ ਕਦੀ ਕਦੀ ਕੋਈ ਪਰਛਾਵਾਂ ਉਭਰਦਾ ਅਤੇ ਫਿਰ ਹਨੇਰੇ 'ਚ ਖਤਮ ਹੋ ਜਾਂਦਾ ਅਤੇ ਉਸਦੀ ਨਜ਼ਰ ਉਥੇ ਜਾ ਕੇ ਰੁਕ ਜਾਂਦੀ। ਜਿਥੇ ਹਨੇਰੇ 'ਚ ਇਕ ਕਾਲੀ ਸੜਕ ਵੀ ਖਤਮ ਹੋ ਜਾਂਦੀ ਸੀ। ਉਸ ਵਕਤ ਸਾਂਹ ਦੀ ਆਵਾਜ ਤੇ ਸਿਵਾ ਹੋਰ ਕੁਝ ਵੀ ਨਹੀਂ ਸੀ।

ਚੁਪ ਅਤੇ ਉਹ ਵੀ ਖਾ ਜਾਣ ਵਾਲੀ।

ਹੋਰ ਕਿੰਨਾਂ ਕੁ ਚਿਰ ਚੁਪ ਰਹਿਣਾਂ ਪਏਗਾ।

ਪਰ ਕਹਾਂ ਵੀ ਕੀ ਫਿਰ ਸੋਚਦਾ ਹੈ। ਸਾਰਾ ਕੁਝ ਤਾਂ ਖਤਮ ਹੋ ਗਿਆ। ਅਤੇ ਉਸ ਦਾ ਚਿਹਰਾ ਕੰਬਣ ਲਗ ਪਿਆ। ਕੀ ਸਾਰਾ ਕੁਝ ਏਥੇ ਹੀ ਖਤਮ ਹੋ ਜਾਏਗਾ ਜਦ ਕਿ ਇਸ ਹੋ ਚੁਕੀ ਸ਼ੁਰੂਆਤ ਦਾ ਉਸਨੂੰ ਏਨਾਂ ਅਫਸੋਸ ਹੈ ਕਿ ਉਹ ਵਿਚੋਂ ਹੀ ਰਹਿ ਗਈ ਅਤੇ ਇਸ ਦਾ ਇਸ ਹਦ ਤਕ ਅਫਸੋਸ ਹੈ ਕਿ ਇਕਦਮ ਉਸਦਾ ਚੇਹਰਾ ਝਿਉਰੜੀਆਂ ਨਾਲ ਭਰ ਗਿਆ।

ਇਸ ਤਰ੍ਹਾਂ ਆਪਣੇ ਆਪ ਅਲਗ ਹੋ ਜਾਣਾ ਅਤੇ ਫਿਰ………

ਕੁਝ ਨਹੀਂ ਐਵੇ ਈ ਆਪਣੇ ਆਪ ਤੇ ਗੁਸਾ ਆ ਜਾਂਦਾ ਹੈ। ਉਹ ਕਿਉਂ ਏਨਾ ਘੁਟਿਆ ਜਿਹਾ ਜੀਵਨ ਲਈ ਮਾਰਿਆ ਮਾਰਿਆ ਫਿਰ ਰਿਹਾ। ਬਸ ਇਕ ਅਹਿਸਾਸ ਸ਼ੀ ਹੋਰ ਕੁਝ ਨਹੀ।

ਜਿੰਨੀ ਹਿੰਮਤ ਲੈ ਕੇ ਕਦਮ ਉਠਿਆ ਸੀ ਕਿਉਂ ਠਿਠਕ ਗਿਆ।

ਹਨੇਰਾ ਸੀ ਜਾ ਕੋਈ ਕੋਹਰਾ ਕੁਝ ਕਹਿ ਨਹੀ ਸਕਦਾ। ਸਾਹਮਣੇ ਕੀ ਹੈ ਜਾਂ ਕੀ ਸੀ ਸਭ ਕੁਝ ਭੁਲ ਗਿਆ। ਸ਼ਾਇਦ ਅਜੇ ਪੂਰੀ ਤਰ੍ਹਾਂ ਨਾਲ ਭੁਲ ਨਹੀਂ ਸਕਿਆ ਸੀ। ਇਕ ਅਹਿਸਾਸ ਬਾਕੀ ਰਹਿ ਗਿਆ ਅਤੇ ਇਸ ਦੇ ਇਲਾਵਾ ……ਸਿਰਫ ਉਹ ਸੁੰਗੜ ਗਿਆ ਸੀ ਕਿਸੇ ਮੂਰਤੀ ਦੀ ਤਰ੍ਹਾਂ ਅਤੇ ਅੱਖਾਂ ਇਸ ਇੰਤਜ਼ਾਰ ਵਿਚ ਸਨ ਕਿ ਕੋਹਰਾ ਨੁਮਾ ਹਨੇਰਾ ਜਾ ਇਸ ਦਾ ਅਹਿਸਾਸ ਹੱਟ ਜਾਏ ਅਤੇ ਦੂਸਰਾ ਕਦਮ ਕੋਈ ਉਠਾ ਸਕੇ।



Namdhari Elibrary NamdhariElibrary@gmail.com

# ਹਾਕੀ : ਵਿਸ਼ਵ ਕੱਪ ਵਿਚ ਹਾਰ

—ਬੂਟਾ ਸਿੰਘ



ਕੁਆਲਾਲੰਪੁਰ ਵਿਚ ਵਿਸ਼ਵ ਕੱਪ ਜਿਤਣ ਪਿਛੋਂ ਭਾਰਤੀ ਹਾਕੀ ਟੀਮ

ਨਵੰਬਰ 1976 ਦੇ ਵਰਿਆਮ ਵਿਚ ਅਸੀਂ ਸੁਆਲ ਕੀਤਾ ਸੀ ਕੀ ਹਾਕੀ ਵਿਸ਼ਵ ਕੱਪ ਸਾਡੇ ਕੋਲ ਰਹੇਗਾ ? ਅਜ ਉਤਰ ਹੈ, ਕੱਪ ਦੀ ਗਲ ਕਰਦੇ ਹੋ ਟੂਰਨਾਮੈਂਟ ਵਿਚ ਥਾਂ ਦੀ ਗਲ ਕਰੋ । ਮਾਂਟਰੀਅਲ ਓਲੰਪਿਕ ਵਿਚ ਛੇਵਾਂ ਸਥਾਨ ਪ੍ਰਾਪਤ ਕਰਨ ਪਿਛੋਂ ਵਿਸ਼ਵ ਕਪ ਟੂਰਨਾਮੈਂਟ ਵਿਚ ਛੇਵਾਂ ਦਰਜਾ ਪ੍ਰਾਪਤ ਕੀਤਾ ਹੈ ਅਤੇ ਸਭ ਕੋਲੋਂ ਹਾਰਨ ਵਾਲੀ ਟੀਮ ਸਪੇਨ ਤੋਂ ਵੀ ਹਾਰੇ ਹਾਂ । ਟੋਕੀਓ 1964 ਸਾਡੀ ਆਖਰੀ ਵਾਰੀ ਸੀ ਜਦੋਂ ਅਸਾਂ ਉਲੰਪਕ ਗੋਲਡ ਮੈਡਲ ਜਿਤਿਆ । ਇਸ ਪਿਛੋਂ ਅਸੀਂ ਉਲੰਪਿਕ ਫਾਈਨਲ ਵਿਚ ਕਦੇ ਨਹੀਂ ਪੁਜੇ ।

ਵਿਸ਼ਵ ਹਾਕੀ ਕੱਪ ਦੇ ਪਹਿਲੇ ਬਾਰਸੀਲੋਨਾ ਟੂਰਨਾਮੈਂਟ ਸੰਨ 1971 ਵਿਚ ਪੂਲ ਏ ਵਿਚ ਅਸੀਂ ਸਭ ਟੀਮਾਂ ਨੂੰ ਜਿਤਿਆ । ਫਰਾਂਸ (1—0), ਅਰਜਨਟਾਈਨਾ (1—0), ਕੀਨੀਆਂ (2—0), ਪਛਮੀ ਜਰਮਨੀ



Namdhari Elibrary NamdhariElibrary@gmail.com

(1—0) ਪਰ ਸੈਮੀਫਾਈਨਲ ਵਿਚ ਪਾਕਿਸਤਾਨ ਤੋਂ (1—2) ਨਾਲ ਹਾਰੇ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਸੰਨ 1973 ਵਿਚ ਐਮਸਟਰਡੈਮ ਹਾਲੈਂਡ ਵਿਚ ਅਸੀਂ ਸੈਮੀਫਾਈਨਲ ਵਿਚ ਪਾਕਿਸਤਾਨ ਨੂੰ ਵੀ (1—0) ਹਰਾਇਆ ਪਰ ਫਾਈਨਲ ਵਿਚ ਹਾਲੈਂਡ ਨਾਲ ਬੜੇ ਸੰਘਰਸ਼ ਮਈ ਮੈਚ ਵਿਚ ਟਾਈਬਰੇਕਰ ਕਾਰਨ ਹਾਰ ਗਏ ਤੇ ਟੂਰਨਾਮੈਂਟ ਵਿਚ ਦੂਸਰਾ ਸਥਾਨ ਪ੍ਰਾਪਤ ਕੀਤਾ।

ਸੰਨ 1975 ਵਿਚ ਕੁਆਲਾਲੰਪੁਰ ਵਿਚ ਭਾਵੇਂ ਅਸੀਂ ਪੂਲ ਮੈਚ ਵਿਚ ਅਰਜਨਟਾਈਨਾ ਕੋਲੋਂ ਹਾਰ ਗਏ ਪਰ ਫਾਈਨਲ ਅਸੀਂ ਹੀ ਜਿਤਿਆ। ਹੋਣੀਆਂ ਭਰਪੂਰ ਇਸ ਟੂਰਨਾਮੈਂਟ ਵਿਚ ਪਾਕਿਸਤਾਨ ਨੂੰ 2—1 ਨਾਲ ਹਰਾ ਕੇ ਪੂਰੇ 11 ਸਾਲਾਂ ਪਿਛੋਂ ਅਸੀਂ ਕੋਈ ਵਿਸ਼ਵ ਹਾਕੀ ਮੁਕਾਬਲਾ ਜਿਤਿਆ ਸੀ ਤੇ ਟੀਮ ਦਾ ਭਾਰਤ ਦੇ ਲੋਕਾਂ ਉਹ ਸਨਮਾਨ ਕੀਤਾ ਸੀ ਕਿ ਖੇਲ ਜਗਤ ਦੇ ਇਤਿਹਾਸ ਵਿਚ ਯਾਦਗਾਰੀ ਰਹੇਗਾ—ਇਸ ਟੀਮ ਨੂੰ ਕੋਚਿੰਗ ਦਾ ਸਾਰਾ ਪਰਬੰਧ ਪੰਜਾਬ ਸਰਕਾਰ ਨੇ ਕੀਤਾ ਸੀ।

ਅਜ ਦੀ ਦੁਰਦਸ਼ਾ ਦਾ ਕਾਰਨ ਬੱਚੇ ਬੱਚੇ ਨੂੰ ਵੀ ਪਤਾ ਹੈ ਕਿ ਸਾਡੀ ਹਾਕੀ ਫੈਡਰੇਸ਼ਨ ਵਿਚ ਚਲਦੀ ਦੁਰਗੰਧ ਮਈ ਸਿਆਸਤ ਹੈ।

ਬਯੂਨ ਏਰੀਸ ਅਰਜਨਟਾਈਨਾ ਵਿਚ ਸ਼ਰਮਨਾਕ ਹਾਰ ਦੇ ਕੁਝ ਕਾਰਨ ਲੇਖਕ ਨੇ ਖਿਡਾਰੀਆਂ ਨਾਲ ਜ਼ਾਤੀ ਸੰਪਰਕ ਦੇਆਧਾਰ ਤੇ ਲਿਖੇ ਹਨ। ਇਹ ਸਾਡੀ ਹਾਕੀ ਦੀ ਦੁਰਦਸ਼ਾਂ ਦੀ ਮੂੰਹ ਬੋਲਦੀ ਤਸਵੀਰ ਹਨ। —ਸੰਪਾਦਕ)

---

**ਹੁਣ** ਤਕ ਭਾਰਤੀ ਹਾਕੀ ਬਾਰੇ ਅਤੇ ਉਸ ਵਿਚ ਚਲ ਰਹੀ ਰਾਜਨੀਤੀ ਬਾਰੇ ਕਾਫੀ ਕੁਝ ਲਿਖਿਆ ਜਾ ਚੁਕਾ ਹੈ। ਇਸ ਟੀਮ ਦੇ ਭਾਰਤ ਤੋਂ ਜਾਣ ਤੋਂ ਪਹਿਲਾਂ ਹੀ ਕਿਸੇ ਵੀ ਖੇਡ ਜਣਕਾਰ ਨੂੰ ਇਸ ਟੀਮ ਤੋਂ ਵਿਸ਼ਵ ਕੱਪ ਵਾਪਸ ਲਿਆ ਸਕਣ ਦੀ ਆਸ ਨਹੀਂ ਸੀ, ਪਰ ਏਨੀ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਵੇਗਾ ਅਤੇ ਸੈਮੀਫਾਈਨਲ ਲਈ ਕੁਆਲੀਫਾਈ ਵੀ ਨਹੀਂ ਕਰ ਸਕਣਗੇ ਇਹ ਵੀ ਕਿਸੇ ਨੇ ਸੋਚਿਆ ਤਕ ਨਹੀਂ ਸੀ। ਜਦੋਂ ਕਿ ਜਾਣ ਤੋਂ ਕੁਝ ਦਿਨ ਪਹਿਲਾਂ ਇਹਨਾਂ ਵਿਚ ਚਾਰ ਸੀਨੀਅਰ ਖਿਡਾਰੀ ਬਲਦੇਵ, ਵਰਿੰਦਰ ਅਸ਼ੋਕ ਅਤੇ ਸਯਦ ਅਲੀ ਵੀ ਸ਼ਾਮਲ ਕਰ ਦਿਤੇ ਗਏ ਸਨ। ਇਸ ਬਾਰੇ ਜਾਣਕਾਰੀ ਹਾਸਲ ਕਰਨ ਲਈ ਮੈਂ ਭਾਰਤੀ ਟੀਮ ਦੇ ਇਕ ਪ੍ਰਮੁਖ ਖਿਡਾਰੀ ਨਾਲ ਗਲਬਾਤ ਕੀਤੀ ਜਿਸ ਤੋਂ ਕੁਝ ਤੱਥ ਸਾਹਮਣੇ ਆਏ।

ਸਭ ਤੋਂ ਪਹਿਲਾਂ ਕਪਤਾਨੀ ਬਾਰੇ:—ਵਿਜੇ ਫਿਲਿਪਸ ਜੋ ਕਿ ਆਪ ਇਕ ਬਹੁਤ ਅੱਛਾ ਅਤੇ ਸੁਲਝਿਆ ਹੋਇਆ ਖਿਡਾਰੀ ਹੈ ਪਰ ਅਗਵਾਈ ਕਰ ਸਕਣ ਵਾਲੇ ਗੁਣਾਂ ਤੋਂ ਇਕਦਮ ਵਾਂਝਾ ਹੈ। ਕਪਤਾਨੀ ਦੇ ਚਾਅ ਵਿਚ ਉਹ ਆਪਣੀ ਖੇਡ ਵੀ ਭੁਲ ਗਿਆ ਅਤੇ ਰਾਈਟ ਆਊਟ ਤੇ ਰਹਿਣ ਦੀ ਜਗ੍ਹਾ ਸਦਾ ਰਾਈਟ ਇਨ ਜਾਂ ਸੈਂਟਰ ਫਾਰਵਰਡ ਦੀ ਜਗ੍ਹਾ ਹੀ ਖੇਡਦਾ ਰਿਹਾ। ਇਸ ਤੋਂ ਬਾਅਦ ਕੋਚ ਅਤੇ ਮੈਨੇਜਰ ਬਾਰੇ ਜਾਣਨਾ ਚਾਹਿਆ ਤਾਂ ਉਤਰ ਮਿਲਿਆ ਇਹਨਾਂ ਬਾਰੇ ਕੁਝ ਨਾ ਪੁਛੋ ਤਾਂ ਹੀ ਚੰਗਾ ਹੈ। ਸਾਰੇ ਟੂਰ ਦੇ ਦੌਰਾਨ ਇਕ ਵਾਰੀ ਵੀ ਦੋਨਾਂ ਚੋਂ ਕਿਸੇ ਨੇ ਖਿਡਾਰੀਆਂ ਨਾਲ ਬੈਠ ਕੇ ਖਾਣਾ ਨਹੀਂ ਖਾਧਾ। ਇੰਗਲੈਂਡ ਪਹੁੰਚਣ ਦੀ ਦੇਰੀ ਸੀ ਕਿ ਖਿਡਾਰੀਆਂ ਨੂੰ ਹੋਟਲ ਵਿਚ ਪਹੁੰਚਾ ਪ੍ਰਬੰਧਕ ਅਤੇ ਕੋਚ ਦਾ ਕਿਧਰੇ ਪਤਾ ਹੀ ਨਹੀਂ। ਇਸ ਤੋਂ ਬਾਦ ਭਾਰਤ ਅਤੇ ਇੰਗਲੈਂਡ ਦਾ ਮੈਚ ਹੋ ਰਿਹਾ ਹੈ ਅਤੇ ਮੈਨੇਜਰ ਸਾਹਿਬ ਗੈਰ ਹਾਜ਼ਰ, ਬਾਅਦ ਵਿਚ ਪਤਾ ਲਗਾ ਕਿ ਉਹ ਤਾਂ ਆਪਣੀਆਂ ਹਾਕੀਆਂ ਦੀ ਵਿਕਰੀ ਕਰ ਰਹੇ ਹਨ ਜੋ ਭਾਰਤ ਤੋਂ ਉਪਹਾਰ ਦੇਣ ਲਈ ਨਾਲ ਲੈ ਕੇ ਆਏ ਸਨ। (ਏਥੇ ਇਕ ਹਾਕੀ ਦੀ ਕੀਮਤ 25—30 ਰੁ: ਹੈ ਜਦ ਕਿ ਇੰਗਲੈਂਡ ਵਿਚ 2:0, 300 ਰੁ:)।

ਜਦ ਹਾਲੈਂਡ ਵਿਚ ਫਿਲਿਪ ਅਤੇ ਬਯੂਨਸ ਏਰੀਜ਼ ਵਿਚ ਲਕੜਾ ਤੇ ਸਯਦ ਅਲੀ ਨੂੰ ਚੋਟ ਆ ਗਈ ਤਾਂ ਇਹਨਾਂ ਦੋਨਾਂ ਵਿਚੋਂ ਕਿਸੇ ਨੂੰ ਵੀ ਇੰਨਾ ਸਮਾਂ ਨਹੀਂ ਸੀ ਕਿ ਉਹਨਾ ਨਾਲ ਹਸਪਤਾਲ ਤਕ ਜਾ ਸਕਣ। ਸੋ ਇਸ ਲਈ ਖਿਡਾਰੀਆਂ ਨੂੰ ਆਪ ਹੀ ਇਕ ਦੁਭਾਸ਼ੀਆ ਨਾਲ ਲੈ ਕੇ ਹਸਪਤਾਲ ਜਾਣਾ ਪਿਆ। ਏਥੇ ਹੀ ਬੱਸ ਨਹੀਂ ਜਦੋਂ ਬਯੂਨਸ ਏਰੀਜ਼ ਵਿਚ ਭਾਰਤ ਨੇ ਜਰਮਨੀ ਤੋਂ ਬੁਰੀ ਤਰ੍ਹਾਂ ਨਾਲ 7 ਗੋਲ ਤੇ ਹਾਰ ਖਾਧੀ ਤਾਂ ਖਿਡਾਰੀਆਂ ਨੂੰ ਹੌਸਲਾ ਦੇਣ ਵੇਲੇ ਕੋਚ ਅਤੇ ਮੈਨੇਜਰ ਦੋਨੋਂ ਹੀ ਗਾਇਬ ਸਨ, ਜੋ ਕਿ ਅਗਲੇ ਦਿਨ ਤਕ ਕਿਸੇ ਵੀ ਖਿਡਾਰੀ ਨੂੰ ਨਾ ਮਿਲੇ। ਉਹਨਾਂ ਨੂੰ ਵਕਤ ਤਾਂ ਹੀ ਮਿਲਦਾ ਜੇ ਹਾਕੀਆਂ ਵੇਚ ਕੇ ਪੀਤੀ ਹੋਈ ਸ਼ਰਾਬ ਦਾ ਨਸ਼ਾ ਉਤਰਦਾ। ਅਰਜਨਟਾਈਨਾ



Namdhari Elibrary NamdhariElibrary@gmail.com

ਵਿਚ ਹਾਕੀ 30—40 ਡਾਲਰ ਦੀ ਵਿਕ ਰਹੀ ਸੀ। ਸਾਡੇ ਖਿਡਾਰੀਆਂ ਨੂੰ ਖਾਣਾ ਵੀ ਇਕਦਮ ਨਿਕੰਮਾ ਅਤੇ ਆਪਣੀ ਮਰਜ਼ੀ ਦਾ ਨਹੀਂ ਮਿਲਦਾ ਸੀ ਅਤੇ ਖਾਣੇ ਦੇ ਦੌਰਾਨ ਉਹਨਾਂ ਲਈ ਦੁਬਾਰਾ ਕੋਈ ਚੀਜ਼ ਮੰਗਣੀ ਵੀ ਸੰਭਵ ਨਹੀਂ ਸੀ, ਕਿਉਂਕਿ ਮੇਜ਼ਬਾਨਾਂ ਵਿਚੋਂ ਕੋਈ ਵੀ ਅੰਗਰੇਜ਼ੀ ਨਹੀਂ ਸੀ ਸਮਝ ਸਕਦਾ ਅਤੇ ਦੁਭਾਸ਼ੀਏ ਨੂੰ ਅਸੀਂ ਇਸ ਲਈ ਨਾਲ ਖਾਣਾ ਨਹੀਂ ਸੀ ਖੁਆ ਸਕਦੇ ਕਿਉਂਕਿ ਉਸ ਲਈ 10 ਡਾਲਰ ਅਲਗ ਦੇਣੇ ਪੈਂਦੇ ਸਨ, ਜਿਹਨਾਂ ਲਈ ਕਿ ਆਈ. ਐਚ. ਐਫ. ਪਾਸ ਫੰਡ ਨਹੀਂ ਸਨ।

ਇਸ ਦੇ ਮੁਕਾਬਲੇ ਪਾਕਿਸਤਾਨੀ ਟੀਮ ਲਈ ਇਕ ਦਮ ਵਧੀਆ ਅਤੇ ਏਸ਼ੀਆਈ ਖਾਣੇ ਦਾ ਵੀ ਪ੍ਰਬੰਧ ਸੀ, ਜੋ ਕਿ ਉਹਨਾਂ ਅਪਣੇ ਖਰਚੇ ਤੇ ਕੀਤਾ। ਪ੍ਰੈਕਟਿਸ ਲਈ ਵੀ ਸਭ ਤੋਂ ਚੰਗੇ ਮੈਦਾਨ ਉਹਨਾਂ ਨੂੰ ਉਪਲਬਦ ਸਨ (ਜੋ ਕਿ ਸਾਡੀ ਟੀਮ ਲਈ ਉਪਲਬਦ ਨਹੀਂ ਸਨ) ਅਤੇ ਇਸ ਸਭ ਤੋਂ ਉਪਰ ਪਾਕਿਸਤਾਨ ਦੀ ਟੀਮ ਦਾ ਅਨੁਸ਼ਾਸਨ ਵੇਖਣ ਯੋਗ ਸੀ, ਉਹਨਾਂ ਦੇ ਕੈਂਪ ਵਿਚ ਵਿਸ਼ਵਕੱਪ ਜਿੱਤਣ ਅਤੇ ਆਪਣੇ ਦੇਸ਼ ਦਾ ਨਾਂ ਉੱਚਾ ਕਰਨ ਤੋਂ ਬਿਨਾਂ ਕੋਈ ਦੂਸਰੀ ਗੱਲ ਨਹੀਂ ਸੀ। ਕੋਚ ਅਤੇ ਪ੍ਰਬੰਧਕ ਹਰ ਵਕਤ ਟੀਮ ਦੇ ਨਾਲ ਰਹਿੰਦੇ ਸਨ ਅਤੇ ਬਯੂਨਿਜ਼ ਏਟੀਜ਼ ਵਿਚ ਇਥੋਂ ਤੱਕ ਅਫਵਾਹ ਸੀ ਕਿ ਕੋਈ ਵੀ ਪਾਕਿਸਤਾਨੀ ਖਿਡਾਰੀ ਜੇ ਵਿਸ਼ਵ ਕੱਪ ਦੇ ਦੌਰਾਨ ਕਿਸੇ ਲੜਕੀ ਨਾਲ ਦੇਖਿਆ ਗਿਆ ਤਾਂ ਵਾਪਸ ਭੇਜ ਦਿੱਤਾ ਜਾਏਗਾ। ਖਿਡਾ-ਰੀਆਂ ਨੂੰ ਹੋਰ ਹਰ ਤਰ੍ਹਾਂ ਦੀਆਂ ਸਹੂਲਤਾਂ ਪ੍ਰਾਪਤ ਸਨ। ਹਰ ਇਕ ਖਿਡਾਰੀ ਨੂੰ ਰੋਜ਼ ਦਾ 20 ਡਾਲਰ ਖਰਚ ਮਿਲਦਾ ਸੀ। ਜਦ ਕੇ ਭਾਰਤੀ ਟੀਮ ਦਾ 5 ਡਾਲਰ ਤੋਂ ਵੀ ਘਟਾ ਕੇ 3 ਡਾਲਰ ਕਰ ਦਿੱਤਾ ਗਿਆ ਸੀ (ਕੈਨੇਡਾ ਅਤੇ ਅਸਟਰੇ-ਲੀਆ ਦੇ ਟੀਮ ਦੇ ਖਿਡਾਰੀਆਂ ਨੂੰ ਕ੍ਰਮਸ 50 ਅਤੇ 40 ਡਾਲਰ ਮਿਲਦੇ ਸਨ।) ਅਤੇ ਮੈਨੇਜਰ ਕਰਤਾਰ ਸਿੰਘ ਤੋਂ ਹੋਰ ਪੈਸੇ ਮੰਗਣ ਤੇ ਜਵਾਬ ਮਿਲਿਆ ਕਿ ਮੈਨੂੰ ਤਾਂ ਇੰਨਾ ਕੁਝ ਹੀ ਮਿਲਿਆ ਹੈ। ਇਸ ਬਾਰੇ ਆਈ.ਐਚ.ਐਫ. ਨੂੰ ਜਾਂਚ ਪੜਤਾਲ ਕਰਕੇ ਖੇਡ ਪ੍ਰੇਮੀਆਂ ਨੂੰ ਜਾਣੂ ਕਰਾਉਣਾ ਚਾਹੀਦਾ ਹੈ ਕਿ ਮੈਨੇਜਰ ਤੇ ਕੋਚ ਨੂੰ ਨਾਲ ਲੈ ਜਾਣ ਲਈ ਇੰਨਾ ਥੋੜਾ ਧਨ ਕਿਉਂ ਦਿੱਤਾ ਗਿਆ ਸੀ। ਮੇਰੇ ਪੁੱਛਣ ਤੇ ਕਿ ਅਸਟਰੇਲੀਆ ਦੇ ਵਿਰੁੱਧ 2-0 ਦੀ ਸ਼ਾਨਦਾਰ ਜਿੱਤ ਤੋਂ ਬਾਅਦ ਜਰਮਨ ਤੋਂ 7-0 ਦੀ ਕਰਾਰੀ ਹਾਰ ਦਾ ਕੀ ਕਾਰਣ ਸੀ ਤਾਂ ਪਤਾ ਲੱਗਾ ਕਿ ਇਸ ਵਿਚ ਵੀ ਰਾਜ਼ ਹੈ। ਅਸਟਰੇਲੀਆ ਨੂੰ ਹਰਾਉਣ ਤੋਂ ਬਾਅਦ ਟੀਮ ਦੇ ਹੌਸਲੇ ਉੱਚੇ ਸਨ ਅਤੇ ਜਦੋਂ ਭਾਰਤੀ ਟੀਮ ਵਾਰਮ-ਅਪ ਹੋਣ ਲਈ ਮੈਦਾਨ ਨੰਬਰ ਇਕ ਤੇ ਪਹੁੰਚੀ ਤਾਂ ਦੇਖ ਕੇ ਖੁਸ਼ੀ ਹੋਈ ਕਿ ਘਾਹ ਬੜੀ ਅੱਛੀ ਤਰ੍ਹਾਂ ਕੱਟਿਆ ਹੋਇਆ ਸੀ ਅਤੇ ਪਹਿਲਾਂ ਨਾਲੋਂ ਮੈਦਾਨ ਦੀ ਸਥਿਤੀ ਕਾਫੀ ਅੱਛੀ ਲੱਗ ਰਹੀ ਸੀ ਪਰ ਟੀਮ ਅਜੇ ਵਾਰਮ ਹੀ ਹੋ ਰਹੀ ਸੀ ਕਿ ਅਚਾਨਕ ਅਨਾਉਂਸ-ਮੈਂਟ ਹੋ ਗਈ ਕਿ ਭਾਰਤੀ ਟੀਮ ਦਾ ਮੈਚ ਇਕ ਨੰਬਰ ਮੈਦਾਨ ਦੀ ਜਗ੍ਹਾ ਮੈਦਾਨ ਨੰਬਰ ਤਿੰਨ ਵਿਚ ਹੋਵੇਗਾ। ਜਿਸ ਵਿਚ ਘਾਹ ਏਨਾ ਵੱਡਾ ਸੀ ਕਿ ਗੇਂਦ ਦਾ ਦਿੱਸਣਾ ਤੱਕ ਮੁਸ਼ਕਲ ਸੀ ਅਤੇ ਪੂਰੀ ਜ਼ੋਰ ਦੀ ਹਿੱਟ ਮਾਰਿਆਂ ਵੀ ਗੇਂਦ 10 ਗਜ਼ ਤੋਂ ਦੂਰ ਨਹੀਂ ਸੀ ਜਾਂਦੀ, ਮਤਲਬ ਇਹ ਹੈ ਕਿ ਮੈਦਾਨ ਪੂਰੀ ਤਰ੍ਹਾਂ ਨਾਲ ਯੋਰਪੀਅਨ ਢੰਗ ਦੀ ਹਾਕੀ ਲਈ ਉਚਿਤ ਸੀ। ਇਹ ਦੇਖ ਕੇ ਹੀ ਟੀਮ ਦੇ ਹੋਸ਼ ਹਵਾਸ ਉੱਡ ਗਏ ਅਤੇ ਜੋ ਵੀ ਯੋਜਨਾ ਬਣਾਈ ਸੀ ਸਭ ਨਿਸਫਲ ਹੋ ਗਈ।

ਗੋਲਕੀਪਰ ਬਾਰੇ ਪੁੱਛਣ ਤੇ ਜਿਸ ਦੀ ਕਿ ਅਸੀਂ ਏਥੇ ਕਮੈਂਟਰੀ ਵਿਚ ਕਾਫੀ ਪ੍ਰਸੰਸਾ ਸੁਣਦੇ ਰਹੇ ਹਾਂ ਪਤਾ ਲੱਗਾ ਕਿ ਉਸ ਦੀ ਹਾਲਤ ਵੀ ਬਾਕੀ ਟੀਮ ਨਾਲੋਂ ਕੁਝ ਬਿਹਤਰ ਨਹੀਂ ਸੀ ਅਤੇ ਕੈਨੇਡਾ ਤੋਂ ਹਾਰ ਦਾ ਇਕ ਕਾਰਣ ਹੀ ਉਹ ਸੀ। ਜਦ ਕਿ ਆਖਰੀ ਸੱਤਾਂ ਮਿੰਟਾਂ ਵਿਚ ਤਿੰਨਾਂ ਵਿਚੋਂ ਦੋ ਪਨੈਲਟੀ ਕਾਰਨਰ ਦੇ ਗੋਲ ਦੋਨਾਂ ਪੈਡਾਂ ਦੇ ਵਿਚੋਂ ਦੀ ਹੋਏ। ਬਾਕੀ ਕੋਮੈਂਟੇਟਰਾਂ ਦੀ ਪ੍ਰਸੰਸਾ ਬਾਰੇ ਪੁੱਛਣ ਤੇ ਪਤਾ ਲੱਗਾ ਕਿ ਇਹ ਤਾਂ ਸਿਰਫ ਚਮਚਾਗੀਰੀ ਦੀ ਕਰਾਮਾਤ ਹੈ।

ਆਖਿਰ ਤੇ ਮੈਂ ਪੁੱਛਣਾ ਚਾਹਿਆ ਕੇ ਕੀ ਕੋਈ 2-4 ਖਿਡਾਰੀ ਤੁਸੀਂ ਦਸ ਸਕਦੇ ਹੋ ਜੋਹੜੇ ਸਾਰੀ ਟੂਰਨਾਮੈਂਟ ਦੇ ਦੌਰਾਨ ਹੀ ਅੱਛਾ ਖੇਡੇ ਹੋਣ ਤਾਂ ਜਵਾਬ ਇਹ ਸੀ ਕਿ ਅਸ-ਟਰੇਲੀਆ ਦੇ ਵਿਰੁਧ ਤਾਂ ਸਾਰੀ ਟੀਮ ਹੀ ਬਹੁਤ ਅੱਛੀ ਖੇਡੀ ਪਰ ਬਾਕੀ ਮੈਚਾਂ ਵਿਚ ਤਾਂ ਹਰ ਇਕ ਖਿਡਾਰੀ ਦੂਸਰੇ ਨੂੰ ਆਦੇਸ਼ ਦੇਣ ਤੋਂ ਬਿਨਾਂ ਕੁਝ ਨਹੀਂ ਸੀ ਕਰ ਰਿਹਾ ਅਤੇ ਇਸ ਤਰ੍ਹਾਂ ਲਗਦਾ ਸੀ ਜਿਵੇਂ ਗਿਆਰਾਂ ਵਿਚੋਂ ਘੱਟ ਤੋਂ ਘੱਟ ਛੇ ਟੀਮ ਦੇ ਕਪਤਾਨ ਹੀ ਹੁੰਦੇ ਹਨ। ਸਪੇਨ ਨਾਲ ਆਖਰੀ ਮੈਚ ਤੋਂ ਪਹਿਲਾਂ ਜ਼ਿਆਦਾ ਖਿਡਾਰੀਆਂ ਨੂੰ ਇਹ ਚਿੰਤਾ ਲੱਗੀ ਹੋਈ ਸੀ ਕਿ ਵਾਪਸ ਪਹੁੰਚਣ ਲਈ ਕਿਰਾਇਆ ਵੀ ਮਿਲੇਗਾ ਜਾਂ ਨਹੀਂ।

ਸੋ ਇਹ ਸਾਰੇ ਤੱਥਾਂ ਤੋਂ ਜਾਣੂ ਹੋ ਕੇ ਸਾਰਾ ਦੋਸ਼ ਖਿਡਾਰੀਆਂ ਤੇ ਲਾਉਣਾ ਵੀ ਠੀਕ ਨਹੀਂ। ਕਿਸੇ ਵੀ ਟੀਮ ਨੂੰ ਜਿਸਨੂੰ ਜ਼ਰੂਰਤ ਦੀਆਂ ਸਾਰੀਆਂ ਚੀਜ਼ਾਂ ਪ੍ਰਾਪਤ ਨਹੀਂ ਹੁੰਦੀਆਂ ਅਤੇ ਇਸ ਤਰ੍ਹਾਂ ਦਾ ਘਟੀਆ ਵਰਤਾ ਕੀਤਾ ਜਾਂਦਾ ਹੈ ਤੋਂ ਵਿਸ਼ਵ ਚੈਂਪੀਅਨਸ਼ਿਪ ਜਿੱਤਣ ਦੀ ਆਸ ਕਰਨਾ ਤਾਂ ਮੂਰਖਤਾ ਹੀ ਹੈ। ਜੇ ਅਜੇ ਵੀ ਅਸੀਂ ਟੀਮ ਦੀ ਠੀਕ ਚੋਣ ਕਰਦੇ. ਠੀਕ ਆਦਮੀਆਂ ਨੂੰ ਕੋਚ ਅਤੇ ਮੈਨੇਜਰ ਬਣਾਈਏ ਜੋ ਕਿ ਟੀਮ ਨਾਲ ਆਪਣਿਆਂ ਬੱਚਿਆਂ ਵਰਗਾ ਵਿਵਹਾਰ ਕਰਕੇ, ਹੋਰ ਸਾਰੀਆਂ ਸਹੂਲਤਾਂ ਪੂਰੀਆਂ ਕਰੀਏ, ਟੀਮ ਨੂੰ ਠੀਕ ਪ੍ਰਕਾਰ ਨਾਲ ਟਰੇਂਡ ਕਰੀਏ ਤਾਂ ਕੋਈ ਕਾਰਨ ਨਹੀਂ ਕਿ ਅਸੀਂ ਫਿਰ ਤੋਂ ਸਿਖਰ ਤੇ ਨਾ ਪੁੱਜ ਸਕੀਏ।



Namdhari Elibrary NamdhariElibrary@gmail.com



# ਮੈਤਰਿਉਸ਼ਕਾਵਾਂ ਕਿਵੇਂ ਬਣਾਈਆਂ ਜਾਂਦੀਆਂ ਹਨ ?

- ਏਦੁਆਰਦ ਗਰਾਫ਼ੋਵ

ਗੁੱਡੀਆਂ ਦੇ "ਮੈਤਰਿਉਸ਼ਕਾ" ਆਲ੍ਹਣੇ, ਜਿਨ੍ਹਾਂ ਵਿਚ ਇਕ ਦੇ ਅੰਦਰ ਇਕ ਦੂਜੀ ਗੁੱਡੀ ਲੁਕੀ ਬੈਠੀ ਹੁੰਦੀ ਹੈ, ਹੁਣ ਸੰਸਾਰ ਭਰ ਵਿਚ ਪ੍ਰਸਿਧ ਹਨ ਅਤੇ ਉਨ੍ਹਾਂ ਦੀ ਭਾਰੀ ਮੰਗ ਹੈ।

ਇਹ ਆਲ੍ਹਣੇ ਦੂਰ-ਦੁਰਾਡੇ ਦੇ ਪਿੰਡਾਂ ਵਿਚ ਜਾਂ ਰੜੇ ਮੈਦਾਨਾਂ ਜਾਂ ਘਣੇ ਜੰਗਲਾਂ ਵਿਚ ਨਹੀਂ ਬਣਾਏ ਜਾਂਦੇ। ਇਹਨਾਂ ਨੂੰ ਮਾਸਕੋ ਦੇ ਠੀਕ ਵਿਚ-ਵਿਚਾਲੇ ਇਕ ਇਸਤਰੀ ਬਣਾਉਂਦੀ ਹੈ।

ਇੱਨਾ ਤਰੀਫੋਨੋਵਾ ਇਕ ਫਲੈਟ ਵਿਚ ਰਹਿੰਦੀ ਹੈ। ਉਸਦੇ ਆਲੇ ਦੁਆਲੇ ਪੇਂਟ, ਰੰਗ-ਰੋਗ਼ਨ ਤੇ ਲਕੜੀ ਦੀਆਂ ਛਿਲਤਰਾਂ ਦੀ ਗੰਧ ਵਸੀ ਰਹਿੰਦੀ ਹੈ। ਫਲੈਟ ਦੇ ਦੋ ਕਮਰਿਆਂ ਵਿਚ ਹਰ ਸ਼ਕਲ ਤੇ ਸਾਈਜ਼ ਦੀਆਂ ਮੈਤਰਉਸ਼ਕਾ ਗੁੱਡੀਆਂ ਭਰੀਆਂ ਹੋਈਆਂ ਹਨ।

ਹਰ ਮੈਤਰਿਉਸ਼ਕਾ ਇਕ ਵਖਰੀ ਸਿਰਜਣਾ ਹੈ।

ਇੱਨਾ ਆਪਣਾ ਕੰਮ ਲਕੜੀ ਦੇ ਇਕ ਢਾਂਚੇ ਨਾਲ ਆਰੰਭ ਕਰਦੀ ਹੈ। ਇਕ ਪੈਨਸਲ ਨਾਲ ਉਸ ਦੇ ਨਕਸ਼ ਚਿਤਰਦੀ ਹੈ ਅਤੇ ਫੇਰ ਇਕ ਗਰਮ ਔਜ਼ਾਰ ਨਾਲ ਉਨ੍ਹਾਂ ਨੂੰ ਜਲਾ ਦੇਂਦੀ ਹੈ।



Namdhari Elibrary NamdhariElibrary@gmail.com

ਫੇਰ ਗੁੱਡੀ ਨੂੰ ਤੇਲ-ਰੰਗਾਂ ਨਾਲ ਪੇਂਟ ਕੀਤਾ ਜਾਂਦਾ ਹੈ। ਜਦ ਇਹ ਸੁੱਕ ਜਾਂਦੀ ਹੈ ਤਾਂ ਗੁੱਡੀ ਉਤੇ ਰੋਗਨ ਦੀਆਂ ਕਈ ਪਰਤਾਂ ਚੜ੍ਹਾ ਦਿਤੀਆਂ ਜਾਂਦੀਆਂ ਹਨ ਅਤੇ ਅੰਤ ਵਿਚ ਇਕ ਬਾਰੀਕ ਚਮੜੇ ਦੀ ਝਿੱਲੀ ਇਸ ਉਤੇ ਚੜ੍ਹਾ ਦਿਤੀ ਜਾਂਦੀ ਹੈ।

ਇਹ ਕੰਮ ਏਨਾ ਸੌਖਾ ਨਹੀਂ ਜਿਨਾ ਸੁਣਨ ਵਿਚ ਲਗਦਾ ਹੈ।

ਰਵਾਇਤੀ ਤੌਰ ਤੇ ਮੈਤਰਿਉਸ਼ਕਾ ਇਕ ਸੁੰਦਰ ਕੁੜੀ ਹੁੰਦੀ ਹੈ, ਪਰ ਹੁਣ ਕਾਫ਼ੀ ਸਮੇਂ ਤੋਂ ਦੂਜੀਆਂ ਸ਼ਕਲਾਂ ਵੀ ਬਣਾਈਆਂ ਜਾ ਰਹੀਆਂ ਹਨ। ਡਰ ਪੈਦਾ ਕਰਨ ਵਾਲੇ ਜੋਧੇ, ਭੂਤ-ਪ੍ਰੇਤ, ਬਾਂਦਰ, ਅਤੇ ਖੁੰਬਾਂ ਵੀ।

ਇਨ੍ਹਾਂ ਦੇ ਸੰਗ੍ਰਹਿ ਵਿਚ 18 ਆਲ੍ਹਣੇਦਾਰ ਗੁੱਡੀਆਂ, ਮੈਤਰਿਉਸ਼ਕਾ ਸੰਗੀਤ ਬਾਕਸ ਤੇ ਟਰਾਂਜ਼ਿਸਟਰ ਰੇਡੀਓ ਸ਼ਾਮਲ ਹਨ।

ਪਰਾਚੀਨ ਰੂਸ ਵਿਚ ਲੋਕ ਇਕ ਦੂਜੇ ਦੇ ਅੰਦਰ ਰੰਗ ਦਾਰ ਈਸਟਰ ਅੰਡੇ ਬਣਾਇਆ ਕਰਦੇ ਸਨ, ਪਰ ਗੁੱਡੀਆਂ-ਦਾ-ਆਲ੍ਹਣਾ ਜਾਪਾਨ ਤੋਂ ਇਕ ਸੌ ਸਾਲ ਪਹਿਲਾਂ ਇਥੇ ਆਇਆ।

ਇਸ ਕਲਾ ਦਾ ਜਨਮ ਮਾਸਕੋ ਦੀ ਇਕ ਬਾਹਰਲੀ ਬਸਤੀ ਅਬਰਾਮਤਸੇਵੋ ਦੇ ਇਕ ਪੁਰਾਣੇ ਰੂਸੀ ਪੇਂਡੂ ਘਰ ਵਿਚ ਹੋਇਆ। ਉਸ ਘਰ ਵਿਚ ਰੇਪਿਨ, ਸੇਰੋਵ, ਵਾਸਤਨੇਤਸੋਵ ਤੇ ਕੋਰੋਵਿਨ ਜਿਹੇ ਉਘੇ ਚਿਤਰਕਾਰ ਜੁੜ ਬੈਠਿਆ ਕਰਦੇ ਸਨ ਜਿਹੜੇ ਲੋਕ ਕਲਾਵਾਂ ਨੂੰ ਅਗੇ ਵਧਾਉਣਾ ਤੇ ਸਾਂਭਣਾ ਚਾਹੁੰਦੇ ਸਨ।

ਇਕ ਦਿਨ ਉਨ੍ਹਾਂ ਵਿਚੋਂ ਇਕ ਚਿੱਤਰਕਾਰ ਲਕੜੀ ਦੀਆਂ ਗੁੱਡੀਆਂ ਦਾ ਇਕ ਆਲ੍ਹਣਾ ਉਥੇ ਲਿਆਇਆ ਜਿਸ ਵਿਚ ਇਕ ਛੋਟਾ ਜਿਹਾ ਜਾਪਾਨੀ ਤੇ ਉਸਦਾ ਪੂਰਾ ਪਰਿਵਾਰ ਰਹਿੰਦਾ ਸੀ।

ਇਹ ਕਲਾ-ਕਿਰਤ ਉਨ੍ਹਾਂ ਨੂੰ ਏਨੀ ਪਸੰਦ ਆਈ ਕਿ ਉਨ੍ਹਾਂ ਨੇ ਜ਼ਾਗੋਰਸਕ ਦੇ ਇਕ ਉਸਤਾਦ ਗੁੱਡੀਸਾਜ਼, ਵਾਸਿਲੀ ਜ਼ੇਵਜ਼ਦੋਚਕਿਨ ਨੂੰ ਇਸ ਨਾਲ ਮਿਲਦੀ-ਜੁਲਦੀ ਇਕ ਚੀਜ਼ ਬਨਾਣ ਲਈ ਕਿਹਾ।

ਉਹ ਇਕ ਮੋਟੀ-ਤਾਜ਼ੀ ਸ਼ਾਦੀ-ਸ਼ੁਦਾ ਔਰਤ ਬਣਾ ਕੇ ਲਿਆਇਆ। ਉਸ ਦੇ ਅੰਦਰ ਉਸ ਦੇ ਨਿੱਕੇ-ਨਿੱਕੇ ਮੁੰਡੇ ਤੇ ਕੁੜੀਆਂ ਬੰਦ ਸਨ, ਆਖਰੀ ਬੱਚਾ ਪੋਤੜਿਆਂ ਵਿਚ ਲਿਪਟਿਆ ਹੋਇਆ ਇਕ ਬਾਲ ਸੀ।

ਇਸ ਪਰਕਾਰ ਪਹਿਲੀ ਮੈਤਰਿਉਸ਼ਕਾ ਦਾ ਜਨਮ ਹੋਇਆ।

ਜਦ ਇਹ ਗੁੱਡੀਆਂ ਰੂਸ ਵਿਚ ਲੋਕ-ਪ੍ਰਿਅ ਹੋ ਗਈਆਂ ਤਾਂ ਜਾਪਾਨੀਆਂ ਨੇ "ਰੂਸੀ" ਗੁੱਡੀਆਂ ਬਣਾਉਣ ਦੀ ਕੋਸ਼ਿਸ਼ ਕੀਤੀ। ਇਸ ਕੰਮ ਵਿਚ ਉਨ੍ਹਾਂ ਨੂੰ ਬਹੁਤੀ ਸਫਲਤਾ ਨਾ ਮਿਲੀ, ਇਸ ਕਰ ਕੇ ਉਨ੍ਹਾਂ ਨੇ ਇਹ ਵਿਚਾਰ ਛੱਡ ਦਿਤਾ ਤੇ ਅਸਲੀ ਰੂਸੀ ਗੁੱਡੀਆਂ ਖਰੀਦਣੀਆਂ ਆਰੰਭ ਕਰ ਦਿਤੀਆਂ।

ਪੱਛਮ ਨੂੰ ਪਹਿਲੀ ਵੇਰ ਮੈਤਰਿਉਸ਼ਕਾ ਗੁੱਡੀਆਂ ਬਾਰੇ ਉਦੋਂ ਪਤਾ ਲੱਗਿਆ ਜਦ ਉਹ 1900 ਵਿਚ ਪੈਰਿਸ ਸੰਸਾਰ ਮੇਲੇ ਵਿਚ ਪ੍ਰਦਰਸ਼ਤ ਕੀਤੀਆਂ ਗਈਆਂ ਸਨ, ਅਤੇ ਅੱਜ 30 ਵਖ ਵਖ ਦੇਸ਼ ਇਹ ਗੁੱਡੀਆਂ ਖਰੀਦਦੇ ਹਨ।


********************

ਰਾਮ ਸਰੂਪ ਅਣਖੀ ਦਾ ਨਵਾਂ ਨਾਵਲ

## ਸੁਲਗਦੀ ਰਾਤ

ਜਿਸ ਦਾ ਇਕ ਪਾਤਰ ਕਹਿੰਦਾ ਹੈ :—

"......ਇਕ ਦਿਨ ਇਹ ਖੂਨ ਜ਼ਰੂਰ ਹੀ ਧਰਤੀ ਵਿਚੋਂ ਅੱਗ ਬਣ ਕੇ ਉਗੇਗਾ। ਅੱਗ, ਜਿਹੜੀ ਸਭ ਕਾਸੇ ਨੂੰ ਫੂਕ ਸੁਟੇਗੀ। ਤੇ ਫੇਰ ਧਰਤੀ ਵਿਚੋਂ ਨਵਾਂ ਕੁਝ ਫੁਟੇਗਾ,ਜਿਸ ਨਾਲ ਸਾਰਾ ਵਾਤਾਵਰਣ ਮਹਿਕ ਉਠੇਗਾ। ਫੇਰ ਕੋਈ ਭਰਾ ਭਰਾ ਨੂੰ ਕਤਲ ਨਹੀਂ ਕਰੇਗਾ। ਕਿਸੇ ਦੀ ਕੋਈ ਜਾਇਦਾਦ ਨਹੀਂ ਹੋਵੇਗੀ। ਦੇਸ਼ ਦੀ ਸਾਰੀ ਜਾਇਦਾਦ ਲੋਕਾਂ ਦੀ ਸਾਂਝੀ ਮਲਕੀਅਤ ਬਣ ਜਾਵੇਗੀ।"

(ਛਪ ਕੇ ਮਾਰਕੀਟ ਵਿਚ ਆ ਗਿਆ ਹੈ)

ਸਫੇ 112, ਦਿਮਰੋਜ਼ ਦਾ ਟਾਈਟਲ, ਮੁੱਲ ਅੱਠ ਰੁਪਏ।

ਮਿਲਣ ਦਾ ਪਤਾ—ਆਰਸੀ ਪਬਲਿਸ਼ਰਜ਼,

ਚਾਂਦਨੀ ਚੌਂਕ ਦਿੱਲੀ।

********************




Namdhari Elibrary NamdhariElibrary@gmail.com

# ਕੇਂਦਰੀ ਪੰਜਾਬੀ ਸਾਹਿਤ ਸੰਮੇਲਨ
# ਸਨਮਾਨ ਸਮਾਰੋਹ



'ਸੁਮੇਰ' ਸਨਮਾਨ ਸਮਾਰੋਹ ਸਮੇਂ ਪੰਜਾਬੀ ਸਾਹਿਤ ਸਮੇਲਨ ਦੇ ਜ: ਸਕੱਤਰ ਮੋਹਣ ਸਿੰਘ ਬੈਰੀ ਸੁਮੇਰ ਜੀ ਨੂੰ ਖਰੀਦੀਆਂ ਪੁਸਤਕਾਂ ਦਾ ਸੈਟ ਭੇਟ ਕਰਦੇ ਹੋਏ

ਨਵੀਂ ਦਿੱਲੀ—ਪਿਛਲੇ ਦਿਨੀਂ ਕੇਂਦਰੀ ਪੰਜਾਬੀ ਸਾਹਿਤ ਸੰਮੇਲਨ ਨੇ ਲਾਇਬ੍ਰੇਰੀ ਹਾਲ, ਗੁਰਦੁਆਰਾ ਜੋਗਾ ਸਿੰਘ, ਪਟੇਲ ਨਗਰ, ਨਵੀਂ ਦਿੱਲੀ ਵਿਖੇ ਪੰਜਾਬੀ ਦੇ ਸਿਰ ਮੌਰ ਤੇ ਬਹੁਪੱਖੀ ਕਲਾਕਾਰ ਸ੍ਰੀ 'ਸੁਮੇਰ' ਦਾ ਵਿਸ਼ੇਸ਼ ਸਨਮਾਨ ਸਮਾਰੋਹ ਕੀਤਾ। ਇਸ ਸਮਾਰੋਹ ਤੇ ਪੰਡਤ ਮੁਨਸ਼ੀਰਾਮ 'ਹਸਰਤ' ਦੀ ਪੁਸਤਕ 'ਹਸਰਤਾਂ' ਦੇ ਰੀਲੀਜ਼ ਦੀ ਰਸਮ ਸ੍ਰੀ ਰਣਬੀਰ ਜੀ ਹੋਰਾਂ ਕੀਤੀ। ਅਤੇ ਪ੍ਰਧਾਨਗੀ 'ਧਰਮ ਰਖਿਅਕ' ਦੇ ਲੇਖਕ ਸ੍ਰ. ਭਗਵਾਨ ਸਿੰਘ 'ਕੋਮਲ' ਹੋਰਾਂ ਕੀਤੀ।

ਪ੍ਰੋਗਰਾਮ ਸੰਮੇਲਨ ਦੇ ਉਭਰਦੇ ਨੌਜੁਆਨ ਕਵੀ ਸ੍ਰੀ ਅਮਰੀਕ ਡੋਗਰਾ ਕੋਲੋਂ ਸੋਵੀਨਰ ਨੂੰ ਰੀਲੀਜ਼ ਕਰਉਣ ਦੀ ਰਸਮ ਨਾਲ ਅਰੰਭ ਕੀਤਾ ਗਿਆ। ਇਸ ਪਿਛੋਂ ਸੰਮੇਲਨ ਦੇ ਪ੍ਰਧਾਨ ਸ: ਮਨੋਹਰ ਸਿੰਘ ਮਾਰਕੋ ਹੋਰਾ 'ਬਸੰਤ-ਰੁੱਤ' ਦੇ ਆਗਮਨ ਤੇ ਬਸੰਤੀ-ਰੰਗ ਦੇ ਕਾਗਜ਼ ਤੇ ਛਪਿਆ ਇਕ 'ਜੀ ਆਇਆਂ' ਸੰਦੇਸ਼ ਰਾਹੀਂ ਸੰਮੇਲਨ ਦੀਆਂ ਪ੍ਰਾਪਤੀਆਂ ਦੱਸੀਆ। ਇਸ ਦੇ ਨਾਲ ਹੀ ਮਾਰਕੋ ਜੀ ਨੇ 'ਸੁਮੇਰ' ਜੀ ਦੀ ਬਹੁਪੱਖੀ ਪ੍ਰਤੀਭਾ ਤੇ ਰੌਸ਼ਨੀ ਪਾਈ ਤੇ 'ਹਸਰਤ' ਜੀ ਨੂੰ ਪੁਸਤਕ ਦੀ ਵਧਾਈ ਪੇਸ਼ ਕੀਤੀ।

'ਸੁਮੇਰ' ਜੀ ਨੂੰ ਉਹਨਾਂ ਦੀਆਂ ਕਲਾਤਮਕ ਤੇ ਸਾਹਿਤਕ ਵੱਡ ਮੁੱਲੀਆਂ ਸੇਵਾਵਾਂ ਲਈ ਸਨਮਾਨ ਦਿੱਤਾ ਗਿਆ ਜਾਂ ਬਾਜ ਖਾਣੀ ਪਤੀ ਨੇ ਹਸਰਤਾਂ ਪੁਸਤਕ ਤੇ ਪਰਚਾ ਪੜ੍ਹਿਆਂ ਤੇ ਉਸ ਉਸ ਦੀਆਂ ਕ ਵਿਕ-ਵਿਸ਼ੇਸ਼ਤਾਈਆਂ ਤੇ ਸੁਚੱਜੇ ਢੰਗ ਨਾਲ ਚਾਨਣਾ ਪਾਇਆ। ਇਸ ਪਛੋਂ ਮਹੌਲ ਨੂੰ ਸਾਹਿਤਕ ਅਤੇ ਰੋਚਕ ਬਨਾਉਣ ਲਈ ਤਿੰਨ-ਭਾਸ਼ਾਈ ਕਾਵਿ-ਗੋਸ਼ਟੀ ਦਾ ਅਰੰਭ ਸ੍ਰ: ਬਾਵਾ ਬਲਵੰਤ ਦੀ ਇਕ ਗਜ਼ਲ ਨਾਲ ਕੀਤਾ। ਜਿਸ ਨੂੰ ਸ੍ਰ: ਤੀਰਥ ਸਿੰਘ ਨੇ ਬਣੇ ਸੋਜ਼ ਤੇ ਸੁਰੀਲੀ-ਆਵਾਜ਼ ਵਿਚ ਗਾ ਕੇ ਸੁਣਾਇਆ। ਇਸ ਪਿੱਛੋਂ ਉਲਫ਼ਤ ਜੀ, ਸੁਮੇਰ ਜੀ, ਹਸਰਤ, ਭੰਡਾਰੀ, ਜੋਗਾ ਸਿੰਘ, ਚਤਰ ਸਿੰਘ ਬੀਰ, ਮਤੀਰ ਹੁਸ਼ਿਆਰਪੁਰੀ, ਬਿਵੇਕ, ਤਾਰਾ ਸਿੰਘ ਕੋਮਲ, ਨੰਦਾ ਰਾਹੀ, ਸਨੀਮ, ਨਦੀਮ ਦੌਲਤਾ ਲਵੀ ਤੇ ਅਨੇਕਾਂ ਹੋਰ ਪ੍ਰਮੁੱਖ-ਕਵੀਆਂ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ।

ਜਨਰਲ ਸਕੱਤਰ
ਮੋਹਨ ਸਿੰਘ ਬੈਰੀ


★★★★★★★★★★★★★★★★★★★★

ਸਰੋਦ ਸੁਦੀਪ ਦਾ ਪਹਿਲਾ ਕਾਵਿ-ਸੰਕਲਨ

## ਬੇਨਾਮ ਬਸਤੀ

ਛਪ ਕੇ ਆ ਗਿਆ ਹੈ;

"ਅੱਜ ਦੀ ਸਭਿਆਚਾਰਕ ਤੇ ਤਕਨੀਕੀ ਅਸੁਰਖਿਆ ਵਿਚ ਜੀ ਰਹੇ ਮਨੁੱਖ ਦੀ ਟੁੱਟ-ਭੱਜ, ਕਿੰਤੂ ਪਲਾਇਨ ਤੇ ਆਪੇ ਦੀ ਪਸਾਰ ਦਾ ਤਿੱਖਾ, ਇਕਾਗਰ ਤੇ ਮੌਲਿਕ ਪ੍ਰਗਟਾਵਾ 'ਬੇਨਾਮ ਬਸਤੀ' ਦਾ ਮੁੱਖ ਲੱਛਣ ਹੈ" — ਪ੍ਰੋ: ਇੰਦੇ

★★★★★★★★★★★★★★★★★★★★





Namdhari Elibrary NamdhariElibrary@gmail.com

## ਦੀਵਟ ਸਹਿਤ ਸਭਾ ਦੀ ਮਾਸਿਕ ਇਕੱਤਰਤਾ

ਲੁਧਿਆਣਾ—ਦੀਵਟ ਸਾਹਿਤ ਸਭਾ ਦੀ ਮਾਸਿਕ ਇਕੱਤਰਤਾ ਮਾਸਿਕ ਪੱਤਰ ਦੀਵਟ ਦੇ ਦਫਤਰ, ਪ੍ਰਤਾਪ ਨਗਰ ਲੁਧਿਆਣਾ ਵਿਖੇ 19 ਮਾਰਚ, 1978 ਨੂੰ ਹੋਈ। ਜਿਸਦੀ ਪ੍ਰਧਾਨਗੀ ਸ੍ਰੀਮਤੀ ਅਵਤਾਰ ਕੌਰ ਨੇ ਕੀਤੀ। ਇਸ ਵਿਚ ਬਹੁਤ ਸਾਰੇ ਸਾਹਿਤਕਾਰਾਂ ਨੇ ਭਾਗ ਲਿਆ। ਜਿਨ੍ਹਾਂ ਵਿਚੋਂ ਸਰਵਸ਼੍ਰੀ ਅਜਾਇਬ ਚਿਤਰਕਾਰ, ਪ੍ਰੋ: ਜਗਜੀਤ ਗਰੇਵਾਲ, ਪ੍ਰੋ: ਹਰਭਜਨ, ਪਰਦੁਮਨ ਸਿੰਘ ਬੇਦੀ, ਸ੍ਰੀ ਕੁਲਵੰਤ ਜਗਰਾਓ ਦਰਸ਼ਨ ਸਿੰਘ ਮੱਕੜ, ਸ੍ਰੀਮਤੀ ਸੁਰਜੀਤ ਕੌਰ ਨੂਰ, ਦੇਸ਼ ਰੰਜਨ, ਭਗਵਾਨ ਢਿੱਲੋਂ, ਕੇ. ਮਨਜੀਤ ਲੁਧਿਆਣਾ ਨਰਿੰਦਰ ਮਰਵਾਹਾ, ਹਰਦੇਵ ਕਲਸੀ ਅਤੇ ਨਰੇਸ਼ ਵਰਮਾ ਆਦਿ ਦੇ ਨਾਂ ਵਰਣਨ ਯੋਗ ਹਨ। ਰਚਨਾਵਾਂ ਦੇ ਦੌਰ ਵਿਚ ਭਗਵਾਨ ਢਿੱਲੋਂ ਦੀ ਰਾਜਨੀਤਕ ਵਿਸ਼ੇ ਤੇ ਵਿਅੰਗ ਭਰਪੂਰ ਅਤੇ ਅਤੀ ਸੁੰਦਰ ਕਹਾਣੀ ਦੀ ਸਰ੍ਹਾਨਾ ਕੀਤੀ ਗਈ। ਬਾਕੀ ਰਚਨਾਵਾਂ ਵਿਚੋਂ ਸ੍ਰੀ ਅਜਾਇਬ ਚਿਤਰਕਾਰ, ਸ੍ਰੀਮਤੀ ਨੂਰ ਅਤੇ ਦੇਸ਼ ਰੰਜਨ ਦੀਆਂ ਰਚਨਾਵਾਂ ਨੂੰ ਸਲਾਹਿਆ ਗਿਆ ਦੀਵਟ ਸਹਿਤ ਸਭਾ ਦੇ ਪ੍ਰਧਾਨ, ਪ੍ਰੋ: ਜਗਜੀਤ ਗਰੇਵਾਲ ਨੇ ਇਕ ਮਤਾ ਰਖਿਆ ਕਿ ਇਹ ਸਭਾ ਹੋਰ ਲੇਖਕਾਂ ਨੂੰ ਆਪਣੇ ਨਾਲ ਜੋੜਨ ਦਾ ਉਦਮ ਕਰੇ ਅਤੇ ਕੋਅਪਰੇਟਿਵ ਆਧਾਰ ਤੇ ਇਹੋ ਜਿਹੇ ਵਸੀਲੇ ਪੈਦਾ ਕੀਤੇ ਜਾਣ ਜਿਸਦੇ ਨਾਲ ਯੋਗ ਲੇਖਕਾਂ ਦੀਆਂ ਪੁਸਤਕਾਂ ਪੰਜਾਬੀ ਵਿਚ ਛਪ ਸਕਣ, ਜਿਹੜੇ ਲੇਖਕ ਪ੍ਰਕਾਸ਼ਕਾਂ ਨੂੰ ਪੈਸੇ ਦੇਣ ਤੇ ਅਸਮਰਥ ਹਨ। ਇਹ ਮਤੇ ਤੇ ਸਾਰਿਆਂ ਨੇ ਸੋਚ ਵਿਚਾਰ ਕੀਤੀ ਅਤੇ ਹੋਰ ਲੇਖਕਾਂ ਨੂੰ ਜੋੜਨ ਲਈ ਕਿਹਾ। ਅੰਤ ਵਿਚ ਦਰਸ਼ਨ ਸਿੰਘ ਮਕੜ (ਸੰਪਾਦਕ ਦੀਵਟ) ਨੇ ਆਏ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਅਗਲੀ ਮਾਸਿਕ ਇਕਤਰਤਾ ਮਿਤੀ 16 ਅਪ੍ਰੈਲ ਨੂੰ ਰਖਣ ਦਾ ਫੈਸਲਾ ਸਰਵ ਸ੍ਰੀਮਤੀ ਨਾਲ ਪਾਸ ਕੀਤਾ।


********************

ਬੰਗਲਾ ਦੇਸ਼ ਬਾਰੇ ਕਵਿਤਾਵਾਂ ਦਾ ਅਦੁੱਤੀ ਸੰਗ੍ਰਹਿ

## ਅੱਗ ਦੇ ਪੱਤੇ

—ਸੰਤੋਖ ਸਿੰਘ ਧੀਰ

(ਇਕ ਵਿਦਵਾਨ ਪਾਠਕ ਦੀ ਰਾਏ)

......ਇਨ੍ਹਾਂ ਪੱਤਿਆਂ ਵਿਚ ਮਨੁੱਖੀ ਵਫ਼ਾ ਤੇ ਦਰਦ ਦੀ ਤਿੱਖੀ ਪੀੜ ਲਾਟਾਂ ਬਣ-ਬਣ ਉਠ ਰਹੀ ਹੈ ਜਿਹੜੀ ਨਿਰਦੈਤਾ, ਕਠੋਰਤਾ, ਬੇਵਫ਼ਾਈ ਤੇ ਜ਼ੁਲਮ ਨੂੰ ਸਦਾ ਲਈ ਭਸਮ ਕਰ ਕੇ ਛੱਡੇਗੀ।

ਇਹ ਇਕ ਬੰਗਲਾ ਦੇਸ਼ ਹੀ ਨਹੀਂ, ਦੁਨੀਆਂ ਦੇ ਆਜ਼ਾਦੀ ਤੇ ਮਨੁੱਖੀ ਅਣਖ ਲਈ ਲੜੇ ਗਏ ਸੰਗ੍ਰਾਮਾਂ ਦੀ ਮਰਦਊ ਤੇ ਬੀਰ ਗਾਥਾ ਹੈ।

'ਅੱਗ ਤੇ ਪੱਤੇ' ਸਾਰੀਆਂ ਜ਼ਬਾਨਾਂ ਵਿਚ ਪ੍ਰਕਾਸ਼ਤ ਹੋਣੇ ਚਾਹੀਦੇ ਹਨ। ਇਹ ਪੰਜਾਬੀ ਸਾਹਿਤ ਨੂੰ ਚਾਰ ਚੰਨ ਲਾਉਣ ਵਾਲੀ ਅਮਰ ਰਚਨਾ ਹੈ। ਇਸ ਦੀ ਜਿੰਨੀ ਵੀ ਤਾਰੀਫ਼ ਕੀਤੀ ਜਾਏ, ਥੋੜੀ ਹੈ।

ਇਹ ਅੱਗ ਦੇ ਪੱਤੇ ਦਰਅਸਲ ਪਿਆਰ ਦੇ ਪੱਤੇ ਹਨ ਠੰਡ ਪਾਉਣ ਵਾਲੇ, ਇਨਸਾਫ਼ ਤੇ ਸਚਾਈ ਦੇ ਭਾਂਬੜ ਬਾਲਣ ਵਾਲੇ, ਅੱਗ ਨੂੰ ਅਨੋਖੇ ਅਰਥ ਦੇ ਕੇ ਸੁੰਦਰ ਅਤਿ ਸੁੰਦਰ ਬਨਾਉਣ ਵਾਲੇ। ਸ਼ਾਲਾ! ਇਹ ਪੱਤੇ ਸ਼ੁਭ ਭਾਵਨਾ ਦੀ ਹਵਾ ਨਾਲ ਦੁਨੀਆਂ ਵਿਚ ਖਿਲਰ ਜਾਣ।

ਸੋਹਣਾ ਕਾਗਜ਼, ਸੋਹਣੀ ਛਪਾਈ ਤੇ ਬੜੀ ਹੀ ਸੋਹਣੀ ਜਿਲਦ। ਇਤਨੀ ਵਧੀਆ ਪੁਸਤਕ ਪ੍ਰਕਾਸ਼ਤ ਕਰਨੀ ਵੀ ਲੋਕਾਂ ਉਤੇ ਬੜਾ ਉਪਕਾਰ ਹੈ। ਕਵੀ ਦੀ ਆਵਾਜ਼ ਬੇਹੱਦ ਸਤਿਕਾਰ ਦੀ ਹੱਕਦਾਰ ਹੈ।

ਆਤਮਾ ਸਿੰਘ ਸ਼ਾਂਤ
ਸੰਤੇ ਮਾਜਰਾ (ਖਰੜ)

ਮੁੱਲ : ਦਸ ਰੁਪਏ                ਮਾਜਰਾ
ਮਿਲਣ ਦਾ ਪਤਾ

ਰਵੀ ਸਾਹਿਤ ਪ੍ਰਕਾਸ਼ਕ, ਹਾਲ ਬਾਜ਼ਾਰ, ਅੰਮ੍ਰਿਤਸਰ

********************





Namdhari Elibrary NamdhariElibrary@gmail.com

# ਤੁਹਾਡਾ ਪੰਨਾ

ਸਤਿਗੁਰੂ ਜਗਜੀਤ ਸਿੰਘ ਜੀ ਅੰਕ ਬੇਹਦ ਪਸੰਦ ਆਇਆ। ਉਹਨਾਂ ਦੇ ਦਰਸ਼ਨ ਤੇ ਹਾਲਾਂ ਤੀਕ ਨਹੀਂ ਹੋਏ, ਪਰ ਨਵਤੇਜ (ਪ੍ਰੀਤ ਲੜੀ), ਜਗਜੀਤ ਸਿੰਘ 'ਆਨੰਦ' (ਮੈਂਬਰ ਪਾਰਲੀਮੈਂਟ) ਤੇ ਭਾਪਾ ਪ੍ਰੀਤਮ ਸਿੰਘ (ਆਰਸੀ) ਹੁਰਾਂ ਤੋਂ ਉਹਨਾਂ ਬਾਰੇ ਇੰਨਾ ਕੁਝ ਸੁਣਿਆ ਹੈ ਕਿ ਬਸ ਦਰਸ਼ਨਾਂ ਦੀ ਅਭਿਲਾਸ਼ਾ ਹੈ।

ਅਕਾਲੀ ਲਹਿਰ ਤੋਂ ਵੀ ਪਹਿਲਾਂ ਨਾਮਧਾਰੀ ਲਹਿਰ ਦੀ ਦੇਣ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਬਹੁਤ ਮਹਾਨ ਹੈ। ਜਿਹਨਾਂ ਸੂਰਬੀਰਾਂ ਨੂੰ ਅੰਗਰੇਜ਼ੀ ਰਾਜ ਦੇ ਸ਼ੁਰੂ ਸਮੇਂ ਤੋਪਾਂ ਨਾਲ ਉਡਾ ਦਿਆ ਗਿਆ। ਉਸ ਸਬੰਧੀ ਇਕ ਰੂਸੀ ਚਿਤਰਕਾਰ ਦੀ ਕਲਾ-ਕਿਰਤ ਬਹੁਤ ਪ੍ਰਸਿਧ ਹੈ। ਮੈਂ ਉਸ ਦੀ ਨਕਲ ਬੜੌਦੇ ਦੇ ਮਯੂਜ਼ੀਅਮ ਵਿਚ ਵੀ ਵੇਖੀ ਤੇ ਕੁਝ ਪਰਚਿਆਂ ਵਿਚ। ਉਸ ਦੀ ਨਕਲ ਤੇ ਓਸ ਸਾਕੇ ਦਾ ਵਿਸ-ਥਾਰ ਕਿਸੇ ਅੰਕ ਵਿਚ ਜ਼ਰੂਰ ਛਾਪੋਗੇ, ਮੈਨੂੰ ਆਸ ਹੈ। ਬਲਕਿ 1872 ਤੋਂ 1921 ਤੀਕ ਦੀ ਨਾਮਧਾਰੀ ਲਹਿਰ ਦੇ ਮਹਾਨ ਇਤਿਹਾਸ ਬਾਰੇ ਇਕ ਪੂਰਾ ਅੰਕ ਵਰਿਆਮ ਦਾ ਜ਼ਰੂਰ ਕਢਣਾ ਚਾਹੀਦਾ ਹੈ। ਸਾਡੀ ਜੂਝਦੀ ਪਰਮਪਰਾ ਸਾਂਡੇ ਅੰਗ ਸੰਗ ਰਹੇ ਤੇ ਅਸੀਂ ਬਲਵਾਨ ਰਹੀਏ।

ਬੰਬਈ — ਪ੍ਰੀਤਮ ਬੇਲੀ

(ਨੋਟ : ਨਾਮਧਾਰੀ ਸੂਤਰਾਂ ਅਨੁਸਾਰ ਇਹ ਤਸਵੀਰ ਵਹਾਬੀ ਮੁਸਲਮਾਨਾਂ ਦੀ ਹੈ। ਨਾਮਧਾਰੀਆਂ ਨੂੰ ਤੋਪਾਂ ਨਾਲ ਬੰਨ੍ਹ ਕੇ ਨਹੀਂ ਸੀ ਉੜਾਇਆ ਗਿਆ ਸਗੋਂ ਤੋਪਾਂ ਸਾਹਮਣੇ ਆਪ ਖੜੇ ਹੋਏ ਸਨ। ਪਹਿਰਾਵੇ ਦਾ ਵੀ ਫਰਕ ਹੈ। ਅੰਕ ਬਾਰੇ ਸੁਝਾਅ ਦਾ ਸੁਆਗਤ ਕਰਦੇ ਹਾਂ। —ਸੰਪਾਦਕ)

——

ਸਤਿਗੁਰੂ ਜਗਜੀਤ ਸਿੰਘ ਅੰਕ ਦੀ ਸਿਫਤ ਨਹੀਂ ਕਰੀ ਜਾਂਦੀ। ਜੀ ਕਰਦਾ ਦੁਬਾਰਾ ਦੁਬਾਰਾ ਪੜ੍ਹੀ ਜਾਈਏ ਤੇ ਵੇਖੀ ਜਾਈਏ।

ਪਿੰਡ ਮੀਰ ਮੀਰਾਂ (ਪਟਿਆਲਾ) — ਸਵਿੰਦਰ ਸਿੰਘ

'ਵਰਿਆਮ' ਦਾ ਸਤਿਗੁਰੂ ਜਗਜੀਤ ਸਿੰਘ ਅੰਕ' ਪ੍ਰਾਪਤ ਹੋਇਆ। ਟਾਈਟਲ ਤੇ ਸਤਿਗੁਰੂ ਜੀ ਦੀ ਮਨਮੋਹਣੀ ਫੋਟੋ ਨੇ ਮਨ ਨੂੰ ਸੁਤੇ ਸਿਧ ਹੀ ਆਕਰਸ਼ਕ ਕਰ ਲਿਆ। ਇਹ ਚਿਤਰਾਂ ਨਾਲ ਸ਼ਿੰਗਾਰਿਆ ਅੰਕ, ਇਕ ਇਕ ਸ਼ਬਦ ਪੜ੍ਹਣ ਤੇ ਸਤਿਗੁਰੂ ਜੀ ਦੇ ਆਕਰਸ਼ਕ ਜੀਵਨ, ਸੱਚੀ ਤੇ ਸੁੱਚੀ ਰਹਿਣੀ ਬਹਿਣੀ ਨੇ ਮਨ ਤੇ ਬੜਾ ਡੂੰਘਾ ਪ੍ਰਭਾਵ ਪਾਇਆ। ਸੰਸਾਰ ਵਿਚ ਇਤਨਾ ਉਪੱਦਰ ਹੋ ਰਿਹਾ ਹੈ, ਸਮਾਜ ਵਿਚ ਇਤਨਾ ਦਿਨ ਪ੍ਰਤੀ ਦਿਨ ਅਨਰਥ ਹੁੰਦਾ ਜਾਂਦਾ ਹੈ ਤੇ ਫਿਰ ਵੀ ਸਿਰਸ਼ਟੀ ਖਲੋਤੀ ਹੈ, ਇਹ ਨਿਰਸੰਦੇਹ ਸਤਿਗੁਰੂ ਜਿਹੇ ਮਹਾਨ ਤੇ ਦੈਵੀ ਹਸਤੀ ਤੇ ਉਨ੍ਹਾਂ ਵਰਗੇ ਹੋਰ ਅਨੇਕਾਂ ਦੇਵਤਿਆਂ ਦੇ ਅਧਾਰ ਤੇ ਹੀ ਖੜੀ ਹੈ। ਸਤਿਗੁਰੂ ਜੀ ਦੇ ਜੀਵਨ ਤੋਂ ਸਾਨੂੰ ਬਹੁਤ ਕੁਝ ਸਿਖਸ਼ਾ ਪ੍ਰਾਪਤ ਹੁੰਦੀ ਹੈ। ਆਪ ਦਾ ਅੰਕ ਪੜ੍ਹ ਕੇ ਤੇ ਸਤਿਗੁਰੂ ਜੀ ਦੇ ਚਿਤਰ ਰਾਹੀਂ ਦਰਸ਼ਨ ਕਰ ਕੇ ਮਨ ਬਦੋ ਬਦੀ ਉਸ ਸਵਰਗਪੁਰੀ ਦੇ ਦਰਸ਼ਨ ਕਰਨਾ ਲੋਚਦਾ ਹੈ, ਜਿਥੇ ਸਤਿਗੁਰੂ ਜੀ ਡੇਰਾ ਰੱਖ ਕੇ ਲੁਕਾਈ ਦਾ ਕਲਿਆਨ ਕਰ ਰਹੇ ਹਨ ਤੇ ਤਪਦੇ ਹਿਰਦਿਆਂ ਨੂੰ ਠਾਰ ਰਹੇ ਹਨ। ਆਸ ਹੈ ਤੁਸੀਂ ਉਹਨਾਂ ਦੇ ਸਾਖਸ਼ਾਤ ਦਰਸ਼ਨ ਕਰਵਾਣ ਵਿਚ ਮੇਰੇ ਵਰਗੇ ਨਿਮਾਣੇ ਬੰਦਿਆਂ ਦੀ ਜ਼ਰੂਰ ਸਹਾਇਤਾ ਕਰੋਗੇ।

ਜਲੰਧਰ — ਬਲਬੀਰ ਸਿੰਘ (ਪ੍ਰੋ:)

——

'ਸਤਿਗੁਰੂ ਜਗਜੀਤ ਸਿੰਘ' ਪੁਜ ਗਿਆ ਹੈ। ਮੈਨੂੰ ਇਹ ਅੰਕ ਪੜ੍ਹ ਕੇ ਬਹੁਤ ਖੁਸ਼ੀ ਹੈ। ਤੁਹਾਡਾ ਇਹ ਯਤਨ ਤੁਹਾਡੀਆਂ ਮੁਸ਼ਕਲਾਂ ਦੇ ਹੁੰਦਿਆਂ ਹੋਇਆਂ ਵੀ ਸਫਲਤਾ ਦਾ ਸੂਚਕ ਹੈ। ਆਪ ਵਧਾਈ ਦੇ ਪਾਤਰ ਹੋ। ਇਹ ਅੰਕ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਸਤਿਗੁਰੂ ਜੀ ਵਨ-ਸੁਵੰਨੇ ਲੋਕਾਂ ਦੀਆਂ ਧੜਕਣਾਂ ਵਿਚ ਨਿਵਾਸ ਰਖਦੇ ਹਨ। ਜਿਥੇ ਉਹ ਆਸਤਕਾਂ ਨੂੰ ਗਲ ਲਾਂਦੇ ਹਨ ਉਥੇ ਨਾਸਤਕਾਂ ਵਾਸਤੇ ਵੀ ਬਾਹੀਂ ਪਸਾਰਦੇ ਹਨ। ਇਹ ਗਲ ਨਿਰ-ਸੰਕੋਚ ਆਖੀ ਜਾ ਸਕਦੀ ਹੈ ਕਿ ਇਸ ਅੰਕ ਤੋਂ ਸਤਿਗੁਰੂ ਜੀ ਬਾਰੇ ਅਤੇ ਨਾਮਧਾਰੀ ਲਹਿਰ ਬਾਰੇ ਕਾਫੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਮੈਨੂੰ ਇਹ ਗਲ ਆਖਣ ਵਿਚ ਵੀ ਮਾਣ ਪ੍ਰਤੀਤ ਹੁੰਦਾ ਹੈ ਕਿ ਇਸ ਅੰਕ ਵਿਚ ਗਜ਼ਲਾਂ, ਗੀਤ ਆਦਿ ਵੀ ਉਚੇ ਪਾਏ ਦੇ ਹਨ। ਸਤਿਗੁਰੂ ਜੀ ਦੀ ਬਹੁ-ਪੱਖੀ ਸ਼ਖਸ਼ੀਅਤ ਬਾਰੇ ਜੋ ਵੀ ਵਖ ਵਖ ਵਿਦਵਾਨਾਂ ਪਿਆਰ ਦਾ ਅਜ਼ਹਾਰ ਕੀਤਾ ਹੈ ਕਿਨਾ ਸਰਥਕ ਹੈ, ਕਿਨਾ ਪਿਆਰਾ ਹੈ ਅਤੇ ਕਿਨਾ ਸੁਹਿਰਦਤਾ ਨਾਲ ਪੇਸ਼ ਕੀਤਾ ਗਿਆ ਹੈ। ਆਪ ਸੱਚ ਮੁਚ ਹੀ ਵਧਾਈ ਦੇ ਪਾਤਰ ਹੋ। ਤੁਹਾਨੂੰ ਅਕਾਲ ਪੁਰਖ ਹੋਰ ਬਲ ਬਖਸ਼ੇ ਤਾਂ ਜੋ ਤੁਸੀਂ ਇਹੋ ਜਿਹੇ ਹੋਰ ਯਤਨ ਕਰਦੇ ਰਹੋ, ਤੇ ਸਤਿਗੁਰੂ ਦੇ ਪਿਆਰ ਦੀਆਂ ਕਿਰਨਾ ਇਸ ਜਹਾਨ ਨੂੰ ਪੂਰ ਹਿਰਦੇ ਤੱਕ ਰੋਸ਼ਨ ਕਰਨ।

ਮਲੇਰਕੋਟਲਾ — ਕਰਤਾਰ ਸਿੰਘ 'ਪੰਛੀ'

——



Namdhari Elibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office : 269656
: 275938
Resi. : 213054

## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬,

Manufacturers & Suppliers of :

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS;

WOODEN & STEEL FURNITURE

PLEASE CONTACT

# NAMDHARI AGENCIES

2/2068 CHAH ANDARA,

(Behind Jubilee Cinema)

CHANDNI CHOWK, DLHI-110006




Namdhari Elibrary NamdhariElibrary@gmail.com

Approved By Department of :

AGRICULTURE PUNJAB GOVERNMENT

High Class Manufacturers of :



- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS



QUALITY MARKED

DEPARTMENT OF AGRICULTURE QUALITY MARK PUNJAB GOVT.

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ।

TRADE **JASPAL** MARK

Grams : HABI INDUSTRIES  Phone : 2737

## *HABI INDUSTRIES (Regd.)*

10 Industrial Area
PHAGWAA – 144401 (Pb.)



Namdhari Elibrary NamdhariElibrary@gmail.com

## ਖ਼ਾਲਸਾ ਜੀ ! ਪਗੜੀਆਂ ਵਾਸਤੇ




ਸਲ ਆਫਿਸ : —

### ਨਾਮਧਾਰੀ ਸੇਲਜ਼ ਕਾਰਪੋਰੇਸ਼ਨ

ਕਟੜਾ ਮਹੇਸ਼ ਦਾਸ, ਨਵੀਂ ਸੜਕ,

ਦਿੱਲੀ—110006


ਵਰਿਆਮ

Namdhari Elibrary NamdhariElibrary@gmail.com

Registered : P/JL-4-97 MONTHLY WARIAM April Issue
Registered with the registrar of News Papers for India No. 26453/75

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

# ASOKA BISCUIT

## ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ ਵਰਤੋ




**WANTED SUB DEALERS**

## ਡੀਲਰ ਸ਼ਿਪ ਲਈ ਲਿਖੋ ਜਾਂ ਮਿਲੋ

Phone : 567786

# BAKSHISH SWEETS BHANDAR

**Satguru Partap Singh Market, 10166 Gurdwara Road,**
**KAROL BAGH — NEW DELHI-110005**

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ । ਪ੍ਰਕਾਸ਼ਨ ਮਿਤੀ 15-4-1978

Namdhari Elibrary NamdhariElibrary@gmail.com